WANT TO SELL FASTER?

LOOKING FOR A GOOD DEAL?

List with well known Indo-Canadian Personality

Darshan Bains

Res: 275-2533 **Pager: 667-0884**

Multiple Realty
2298 Kingsway
Vancouver
Ph: 434-1431

DOSANJH & CO.

Barristers & Solicitors

Ujjal Dosanjh **Thomas Wooley**

Indra Thind

With over 13 yrs. experience in:

- **Personal Injury (ICBC)**
  (handled on Contingency (%) fee basis)
- **Divorce & Family Cases**
- **Criminal Trials**
- **Supreme Court Civil Trials**
- **All Immigration Matters**
- **Workers Compensation Matters**

#202-5887 Victoria Dr.
Vancouver, BC V5P 3W5 **327–6381**

ਮਾਉਂਟ ਐਵਰੈਸਟ
ਗੈਸ ਐਂਡ ਪਲੰਬਿੰਗ ਲਿਮ.

ਅਸੀਂ ਘਰਾਂ ਅਤੇ ਵਪਾਰਕ ਬਿਲਡਿੰਗਾਂ ਦੀ ਹੀਟਿੰਗ ਅਤੇ ਪਲੰਬਿੰਗ ਦਾ ਕੰਮ ਬਹੁਤ ਹੀ ਤਸੱਲੀਬਖਸ਼ ਅਤੇ ਵਾਜ਼ਬ ਕੀਮਤ ਤੇ ਕਰਦੇ ਹਾਂ।

Our motto is your satisfaction

ਹੋਰ ਜਾਣਕਾਰੀ ਲਈ ਅਤੇ ਫਰੀ ਐਸਟੀਮੇਟ ਲਈ ਅੱਜ ਹੀ ਫੋਨ ਕਰੋ:

ਸੁਰਜੀਤ ਸਿੰਘ ਮਾਹਲ ਨੂੰ
Ph: (604) 572-1277
Pager: 680-6941

ਸਰੀ-ਡੈਲਟਾ ਦੀ ਪੰਜਾਬੀ ਮਾਰਕੀਟ ਵਿਚ ਵਿਆਹ-ਸ਼ਾਦੀ ਦੇ ਸਾਮਾਨ ਦਾ ਬੀ.ਸੀ. ਦਾ ਸੱਭ ਤੋਂ ਵੱਡਾ ਸਟੋਰ।

Delta Wedding Centre
9463- 120th St. (95 Ave. & Scott Rd)
Delta, B.C.
Ph: (604) 589-3656

ਵਿਆਹ ਸ਼ਾਦੀਆਂ ਦੇ ਕਾਰਡ, ਤਾਜ਼ੇ ਅਤੇ ਸਿਲਕ ਦੇ ਫੁੱਲ, ਕਾਰਾਂ ਤੇ ਪਾਉਣ ਵਾਲੇ ਫੁੱਲਾਂ ਦਸੇ ਜਾਲ, ਮਹਿੰਦੀ ਚੂੜੇ ਤੇ ਕਲੀਰੇ ਤੇ ਵਿਆਹ ਦਾ ਹਰ ਤਰ੍ਹਾਂ ਦਾ ਸਾਮਾਨ, ਹਸਪਤਾਲ ਜਾਂ ਘਰ ਲਿਜਾਣ ਲਈ ਫੁਲਾਂ ਦੇ ਗੁਲਦਸਤੇ, ਬੱਚਿਆਂ ਦੇ ਜਨਮਦਿਨ ਦਾ ਸਾਮਾਨ, ਹਰ ਮੌਕੇ ਤੇ ਦੇਣ ਲਈ ਗਿਫਟ ਆਦਿ ਮਿਲਦੇ ਹਨ।

ਹਾਲ ਵਿਚ ਡੈਕੋਰੇਸ਼ਨ ਦਾ ਪੂਰਾ ਪ੍ਰਬੰਧ ਹੈ।

ਹਾਲ ਡੈਕੋਰੇਸ਼ਨ ਵਾਸਤੇ ਕਿਰਾਏ ਤੇ ਕੇਕ, ਆਰਚ, ਗਜ਼ੀਬੋ, ਫੁੱਲਾਂ ਦੀਆਂ ਟੋਕਰੀਆਂ ਅਤੇ ਹਰ ਲੋੜੀਂਦਾ ਸਾਮਾਨ ਹੈ। ਵੱਖ ਵੱਖ ਰੰਗਾਂ ਵਿਚ ਟੇਬਲਾਂ ਦੀਆਂ ਸਕੱਰਟਾਂ, ਕਪੜੇ, Streamers, Bells, Fans, Plume Pens, Guest Books, Ribbons, Candles, Candies ਅਤੇ ਕੇਕ ਮਿਲਦੇ ਹਨ।

ਹੋਰ ਜਾਣਕਾਰੀ ਲਈ:

ਮੈਨੇਜਰ:ਮੱਖਣ ਟੁੱਟ ਫਲੋਰੈਸਟ:ਗੁਰਬਖਸ਼ਕੌਰ ਦਿਉ।

ਮੂਸ ਆਨ ਦਾ ਲੂਸ

ਸਤਵੰਤ ਦੀਪਕ

ਉਸ ਦਿਨ ਸ਼ਾਮ ਦੇ ਘੁਸਮੁਸੇ ਜਿਹੇ 'ਚ ਅਚਨਚੇਤ ਹੀ ਉਹ ਇਸ ਸ਼ਹਿਰ ਵਿਚ 'ਪਰਗਟ' ਹੋ ਗਿਆ ਸੀ। ਫੈਡਰਲ ਚੋਣਾਂ ਸਿਰ 'ਤੇ ਸਨ ਅਤੇ ਸਮੁੱਚੇ ਦੇਸ਼ ਵਿਚ ਚੋਣ-ਪਰਚਾਰ ਮੁਹਿੰਮ ਪੂਰੇ ਜੋਰਾਂ 'ਤੇ ਸੀ।

ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਅਜਿਹੇ ਨਾਜ਼ੁਕ ਸਮੇਂ, ਜਦੋਂ ਲੀਡਰ ਲੋਕ ਸਵੇਰੇ ਨਾਸ਼ਤਾ ਕਿਸੇ ਸ਼ਹਿਰ ਕਰਦੇ ਹਨ, ਦੁਪਹਿਰ ਦਾ ਖਾਣਾ ਕਿਸੇ ਹੋਰ ਸ਼ਹਿਰ ਖਾਂਦੇ ਹਨ ਅਤੇ ਰਾਤ ਨੂੰ ਕਿਸੇ ਹੋਰ ਥਾਂ ਡਿਨਰ ਛਕਦੇ ਹਨ, ਇਹ ਮਨਹੂਸ ਜਾਨਵਰ ਵਿਚ ਆਪਣਾ ਫਾਨਾ ਆਣ ਗੱਡੇਗਾ। ਬੜਾ ਹੀ ਅਜੀਬ ਕਿਸਮ ਦਾ ਚੌਪਾਇਆ ਸੀ ਇਹ ਜੋ ਗੁਰਮੀਤ ਨੇ ਪਹਿਲਾਂ ਨਹੀਂ ਸੀ ਵੇਖਿਆ ਭਾਵੇਂ ਉਸ ਨੂੰ ਇਥੇ ਰਹਿੰਦਿਆਂ ਪੰਜ ਵਰ੍ਹੇ ਹੋ ਚੱਲੇ ਸਨ। ਰਾਤ ਦੇ ਲੇਟ-ਨਾਈਟ ਨਿਊਜ਼-ਬੁਲਿਟਨ ਵਿਚ ਕੈਨੇਡੀਅਨ ਬਕਵਾਸ ਕਾਰਪੋਰੇਸ਼ਨ ਦੇ ਨੈਸ਼ਨਲ ਟੀ. ਵੀ. ਚੈਨਲ 'ਤੇ ਮਾੜੀ ਜਿਹੀ ਝਾਤ ਹੀ ਪੁਆਈ ਸੀ। ਛੇ-ਸੱਤ ਫੁੱਟ ਉੱਚਾ ਤੇ ਨਰੋਈ ਦੇਹ ਵਾਲਾ ਇਹ ਜਾਨਵਰ ਗੁਰਮੀਤ ਨੂੰ ਰੋਝ ਵਰਗਾ ਜਾਪਦਾ ਸੀ। ਇਸ ਦੀਆਂ ਟੰਗਾਂ ਅਤੇ ਖੁਰ ਗਊ ਵਰਗੇ ਸਨ ਅਤੇ ਸਿਰ ਤੇ ਅੱਖਾਂ ਬਾਰਾਂ-ਸਿੰਗੇ ਵਰਗੀਆਂ ਸਨ। ਮਾਸੂਮਤਾ ਅਤੇ ਭੋਲੇਪਣ ਦਾ ਅਜੀਬੋ ਗਰੀਬ ਨਮੂਨਾਂ ਸੀ ਇਹ ਜਾਨਵਰ।

ਇਸ ਸ਼ਹਿਰ ਵਿਚ ਉਹ ਕਾਹਦਾ ਆਇਆ, ਕਿ ਸਮਝੋ ਬੱਸ ਸਾਰਾ ਸ਼ਹਿਰ ਹੀ ਹਰਕਤ ਵਿਚ ਆਇਆ ਫਿਰਦਾ ਸੀ। ਇਹ ਸ਼ਹਿਰ ਕੋਈ ਆਮ ਸ਼ਹਿਰ ਨਹੀਂ ਸੀ ਬਲਕਿ ਦੇਸ਼ ਦੀ ਰਾਜਧਾਨੀ ਸੀ। ਲੁੱਕ, ਪੱਥਰ, ਕੰਕਰੀਟ ਤੇ ਲੋਹੇ ਦੇ ਇਸ ਸ਼ਹਿਰ ਵਿਚ ਹਰ ਕੰਮ ਡਸਿਪਲਨ ਨਾਲ ਹੁੰਦਾ ਸੀ। ਇਹ ਨਵੀਂ ਬਿਪਤਾ ਆਣ ਪਈ ਸੀ, ਨਹੀਂ ਤਾਂ ਕਿਹੜੀ ਪਾਰਟੀ ਦੇ ਕਿਹੜੇ ਲੀਡਰ ਦਾ ਦਿਮਾਗ ਫਿਰਿਆ ਸੀ ਕਿ ਆਪਣਾ ਕੀਮਤੀ ਵਕਤ ਮੂਸ ਬਾਰੇ ਸੋਚਣ 'ਚ ਨਸ਼ਟ ਕਰਦੇ। ਉਹ ਤਾਂ ਵਿਚਾਰੇ ਪਹਿਲਾਂ ਹੀ ਹੱਥਾਂ ਪੈਰਾਂ 'ਚ ਆਏ ਫਿਰਦੇ ਸਨ।

ਮੁਲਕ ਵਿਚ ਪਿਛਲੇ ਕਿੰਨੇ ਈ ਵਰ੍ਹਿਆਂ ਤੋਂ ਹਾਲਾਤ ਬਦਤਰ ਹੋ ਰਹੇ ਸਨ। ਦੁਨੀਆਂ ਭਰ ਵਿਚ ਚਲ ਰਹੇ ਆਰਥਕ ਮੰਦਵਾੜੇ ਦਾ ਇਸ ਦੇਸ਼ 'ਤੇ ਮਾਰੂ ਅਸਰ ਹੋਇਆ ਸੀ। ਕਹਿੰਦੇ ਕਹਾਉਂਦੇ ਮੁਲਕਾਂ ਦਾ ਧੂੰਆਂ ਨਿਕਲਿਆ ਪਿਆ ਸੀ, ਫਿਰ ਇਹ ਮੁਲਕ ਤਾਂ ਕਿਹੜੇ ਖੇਤ ਦੀ ਮੂਲੀ ਸੀ। ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਨੇ ਤਾਂ ਥਾਂ ਥਾਂ ਬੈਰਾਂ ਲਾਈਆਂ ਹੋਈਆਂ ਸਨ। ਜਦੋਂ ਮਾੜੀ ਜਿਹੀ ਵੀ ਮੰਦੀ ਹਾਲਤ ਹੋਈ, ਕੋਈ ਨਾ ਕੋਈ ਪੁਆੜਾ ਪਾਤਾ। ਕਦੇ ਵੀਅਤਨਾਮ 'ਤੇ ਹਮਲਾ ਕਰਤਾ ਕਦੇ ਇਰਾਕ 'ਤੇ। ਨੋਰੀਆਗਾ ਨੂੰ ਤਾਂ ਉਹ ਘਰੋਂ ਈ ਚੁੱਕ ਲਿਆਏ। ਜਦੋਂ ਵੀ ਅਮਰੀਕਾ ਦੀਆਂ ਫੈਕਟਰੀਆਂ ਵਿਚ ਬਣਿਆਂ ਅਸਲਾ ਨਾ ਵਿਕਦਾ ਜਾਂ ਹੋਰ ਮੁਲਕਾਂ ਵਿਚ ਅਮਨ ਅਮਾਨ ਹੁੰਦਾ ਤਾਂ ਇਧਰ ਕਾਰਖ਼ਾਨੇ ਬੰਦ ਹੋਣ ਲਗਦੇ। ਮਜ਼ਦੂਰਾਂ ਦੀ ਛਾਂਟੀ ਹੋਣ ਲੱਗਦੀ। ਕਾਰਖ਼ਾਨੇਦਾਰ ਪਿੰਕ-ਸਲਿੱਪਾਂ ਦੇ ਕੇ ਨਿਸ਼ਚਿੰਤ ਹੋ ਜਾਂਦੇ। ਮਜ਼ਦੂਰ ਵਿਚਾਰੇ ਯਬਕਦੇ ਫਿਰਦੇ। ਕਨੇਡਾ ਵਰਗੇ ਮੁਲਕ ਕੋਲ ਕਿਹੜੀ ਥੋੜ ਸੀ ਜਿਸ ਨੂੰ ਲੁੱਟਿਆ ਜਾ ਸਕਦਾ। ਇਹ ਤਾਂ ਗਊ ਵਰਗਾ ਸਾਊ ਮੁਲਕ ਸੀ।

... ਤੇ ਇਸ ਗਊ ਵਰਗੇ ਸਾਊ ਮੁਲਕ ਦੇ ਆਪਣੇ ਮਸਲੇ ਸਨ। ਆਰਥਕ ਮੰਦਵਾੜੇ 'ਚ ਇਥੇ ਵੀ ਪੂਰਾ ਵੱਟ ਚੜ੍ਹੀ ਜਾਂਦਾ ਸੀ। ਸਭ ਤੋਂ ਵੱਡਾ ਮਸਲਾ ਫਰੀ ਟਰੇਡ ਦਾ ਸੀ ਜੋ ਅਮਰੀਕਾ ਨਾਲ ਹੋਇਆ ਸੀ। ਮੈਕਸੀਕੋ ਨਾਲ ਅਜੇ ਗੱਲਬਾਤ ਚੱਲ ਰਹੀ ਸੀ। ਸੱਤਾਧਾਰੀ ਪਾਰਟੀ ਇਸ ਸਮਝੌਤੇ ਨੂੰ ਦੇਸ਼ ਦੀ ਹਰ ਸਮੱਸਿਆ ਦਾ ਸਹੀ ਹੱਲ ਕਹਿ ਰਹੀ ਸੀ। ਫਰੀ ਟਰੇਡ ਨਾਲ ਦੋਹਾਂ ਦੇਸ਼ਾਂ ਦੇ ਸੰਬੰਧ ਸੁਧਰਨੇ ਸਨ, ਭਾਰੀ ਮਾਤਰਾ 'ਚ ਸਮਾਨ ਤਿਆਰ ਕਰਨ ਵਾਲੇ ਕਾਰਖ਼ਾਨੇ, ਮਿੱਲਾਂ ਅਤੇ ਖਾਣਾਂ 'ਚ ਰੁਜ਼ਗਾਰ ਦੇ ਵਧੇਰੇ ਮੌਕੇ ਮਿਲਣੇ ਸਨ, ਬਣਿਆ ਸਮਾਨ ਬਾਹਰਲੇ ਮੁਲਕਾਂ 'ਚ ਵਿਕਣ ਕਰਕੇ ਵਿਦੇਸ਼ੀ ਮੁਦਰਾ ਪਰਾਪਤ ਹੋਣੀ ਸੀ, ਦੇਸ਼ 'ਚੋਂ ਗਰੀਬੀ, ਬੇਰੁਜ਼ਗਾਰੀ ਤੇ ਹੋਰ ਸਭ ਅਲਾਮਤਾਂ ਖ਼ਤਮ ਹੋ ਜਾਣੀਆਂ ਸਨ। ਵਿਰੋਧੀ ਪਾਰਟੀਆਂ ਹਾਲ ਦੁਹਾਈ ਪਾ ਰਹੀਆਂ ਸਨ ਕਿ ਇਹੋ ਜਿਹਾ ਸਮਝੌਤਾ ਦੇਸ਼ ਨੂੰ ਕੰਗਾਲ ਕਰ ਦੇਵੇਗਾ। ਪਿਛਲੇ ਤਿੰਨ ਸਾਲਾਂ ਵਿਚ ਜਦੋਂ ਦਾ ਫਰੀ ਟਰੇਡ ਹੋਇਆ ਹੈ, ਆਰਥਕ ਅੰਕੜੇ ਇਹੀ ਦਰਸਾਉਂਦੇ ਹਨ ਕਿ ਦੇਸ਼ ਹੌਲੀ ਹੌਲੀ ਅਮਰੀਕਾ ਦੇ ਗਹਿਣੇ ਟਿਕਦਾ ਜਾ ਰਿਹਾ ਹੈ। ਫਰੀ ਟਰੇਡ ਬਰਾਬਰ ਦੀ ਆਰਥਿਕਤਾ ਅਤੇ ਵਸੋਂ ਵਾਲੇ ਦੇਸ਼ਾਂ ਵਿਚ ਹੀ ਸੰਭਵ ਹੁੰਦਾ ਹੈ। ਹੁਣ ਅਮਰੀਕਾ ਦੇ ਕਾਰਖ਼ਾਨਿਆਂ ਦਾ ਬਣਿਆਂ ਸਮਾਨ ਧੜਾ ਧੜ ਇਧਰ ਪਹੁੰਚ ਰਿਹਾ ਸੀ, ਸਿੱਟੇ ਵਜੋਂ ਇਥੇ ਦਿਨੋ ਦਿਨ ਰੁਜ਼ਗਾਰ ਦੇ ਸਾਧਨ ਖ਼ਤਮ ਹੋ ਰਹੇ ਸਨ। ਬੇਰੁਜ਼ਗਾਰੀ ਕਰਕੇ ਗਰੀਬੀ ਅਤੇ ਹੋਰ ਅਲਾਮਤਾਂ ਦੀ ਦਰ ਵਧ ਰਹੀ ਸੀ।

ਫਰੀ ਟਰੇਡ ਬਾਰੇ ਗੁਰਮੀਤ ਨੂੰ ਇਕ ਕਹਾਣੀ ਯਾਦ ਆ ਰਹੀ ਸੀ: ਕਹਿੰਦੇ ਇਕ ਵਾਰੀ ਕਿਸੇ ਜੰਗਲ ਵਿਚ ਇਕ ਹਾਥੀ ਮਰ ਗਿਆ। ਸਰਦੀ ਦੇ ਮੌਸਮ ਵਿਚ ਜੰਗਲ ਦੀ ਇਕ ਪਗਡੰਡੀ 'ਤੇ ਉਹ ਚੁਫਾਲ ਪਿਆ ਸੀ। ਕਰਨੀ ਰੱਬ ਦੀ, ਇਕ ਗਿੱਦੜ ਖੁਰਾਕ ਦੀ ਭਾਲ ਵਿਚ ਘੁੰਮਦਾ ਫਿਰਦਾ ਉਥੇ ਆਣ ਪਹੁੰਚਿਆ। ਉਹਨੇ ਵੇਖਿਆ 'ਹੈਂਅ ਇਹ ਤਾਂ ਹਾਥੀ ਲੱਗਦਾ ਮਰਿਆ ਪਿਆ। ਮਾੜਾ ਜਿਹਾ ਟੋਹ ਕੇ ਤਾਂ ਵੇਖਾਂ।' ਉਹਨੇ ਹਾਥੀ ਦੇ ਕੰਨ ਨੂੰ ਥੋੜਾ ਜਿਹਾ ਟੋਹਿਆ। ਹਾਥੀ ਨਾ ਹਿਲਿਆ। ਫੇਰ ਉਹਨੇ ਉਸਦੇ ਸੁੰਡ ਨਾਲ ਛੇੜ ਛਾੜ ਕੀਤੀ। ਉਹ ਵੀ ਠੰਡਾ ਪਿਆ ਸੀ। ਪੂਰੀ ਤਸੱਲੀ ਕਰਨ ਵਾਸਤੇ ਉਹਨੇ ਹਾਥੀ ਦੇ ਚੁਫੇਰੇ ਫਿਰ ਕੇ ਜਾਇਜ਼ਾ ਲਿਆ। ਜਦ ਪਿੱਠ ਵਾਲੇ ਮਾਸ ਨੂੰ ਟੋਹਿਆ ਤਾਂ ਪੋਲਾ ਪੋਲਾ ਜਿਹਾ ਲੱਗਿਆ। ਗਿੱਦੜ ਕਈ ਦਿਨਾਂ ਦਾ ਭੁੱਖਾ ਸੀ। ਨਰਮ ਨਰਮ ਮਾਸ ਵੇਖ ਕੇ ਉਸਦੀ ਭੁੱਖ ਹੋਰ ਚਮਕ ਉਠੀ।

ਗਿੱਦੜ ਪੂਰਾ ਘੁਣਤਰੀ ਸੀ। ਉਹਨੇ ਸੋਚਿਆ ਕਿਉਂ ਨਾ ਪਹਿਲਾਂ ਜ਼ਰਾ ਨਰਮ ਨਰਮ ਮਾਲ ਛਕਿਆ ਜਾਵੇ। ਮੋਟੀ ਚਮੜੀ ਵਾਲੇ ਪਾਸੇ ਕਿਹੜਾ ਮੱਥਾ ਮਾਰੇ। ਲਉ ਜੀ ਉਹਨੇ ਤਾਂ ਲੈ ਕੇ ਪੁਜੀਸ਼ਨ ਪਿੱਠ ਵਾਲੇ ਪਾਸਿਉਂ ਛਕਣਾ ਸ਼ੁਰੂ ਕਰ ਦਿਤਾ। ਖੂਬ ਢਿੱਡ ਭਰਕੇ ਖਾਧਾ। ਫਿਰ ਥੋੜਾ ਚਿਰ ਸੁਸਤਾਇਆ। ਕਈ ਦਿਨ ਬੀਤ ਗਏ। ਇਨੇ ਕੁ ਦਿਨਾਂ ਵਿਚ ਉਹਨੇ ਹਾਥੀ ਦੇ ਅੰਦਰ ਤੱਕ ਪਹੁੰਚ ਕੇ ਇਕ ਸੁਰੰਗ ਜਿਹੀ ਬਣਾ ਲਈ ਸੀ। ਫਿਰ ਸੋਚਿਆ ਕਿ ਸਬੂਤਾ ਹਾਥੀ ਤਾਂ ਕਈ ਮਹੀਨਿਆਂ ਦਾ ਰਾਸ਼ਨ ਲੱਗਦਾ ਐ। ਉਹਦੇ ਚਿੱਤ 'ਚ ਆਇਆ: 'ਮਨਾਂ ਐਵੇਂ ਬਾਹਰ ਪਾਲੇ 'ਚ ਜ਼ਰੂਰ ਮਰਨੈ, ਇਥੇ ਸੁਰੰਗ 'ਚ ਈ ਸੌਂ ਜਾਇਆ ਕਰਾਂਗੇ। ਨਾਲੇ ਬਾਹਰਲੀ ਕਿਸੇ ਬਿਪਤਾ ਤੋਂ ਬਚੇ ਰਹਾਂਗੇ। ਬਾਹਰ ਕਿਹੜਾ ਕੋਈ ਸਾਲਾ ਖੰਡ ਪਾਉਂਦੈ। ਜਿਹਦਾ ਵੀ ਜੀ ਕਰਦੈ ਉਹੀ ਸਾਲਾ ਮੇਰੇ ਚਾਰ ਚੁੱਡਾਂ ਮਾਰ ਜਾਂਦੈ। ਨਾਲੇ ਇਹ ਸੁਰੰਗ ਤਾਂ ਹੁਣ ਕਿਲ੍ਹੇ ਵਰਗੀ ਐ।'

ਲਉ ਜੀ ਗਿੱਦੜ ਨੇ ਤਾਂ ਰਿਹਾਇਸ਼ ਵੀ ਵਿੱਚੇ ਈ ਕਰ ਲਈ। ਜਿਉਂ ਜਿਉਂ ਦਿਨ, ਹਫਤੇ ਮਹੀਨੇ ਬੀਤਦੇ ਗਏ ਹਾਥੀ ਦੇ ਪੇਟ ਅੰਦਰ ਬਣਾਈ ਸੁਰੰਗ ਡੂੰਘੇਰੀ ਹੁੰਦੀ ਗਈ। ਰੱਜਿਆ ਗਿੱਦੜ ਹੁਣ ਬਾਹਰਲੀ ਦੁਨੀਆਂ ਨੂੰ ਵਿਸਾਰੀ ਬੈਠਾ ਸੀ। ਕਰਨੀ ਰੱਬ ਦੀ, ਠੰਡ ਹੋਰ ਵਧਦੀ ਗਈ। ਬਾਹਰ ਤਾਂ ਕੋਰਾ ਵੀ ਪੈਣਾ ਸ਼ੁਰੂ ਹੋ ਗਿਆ ਸੀ। ਪਰ ਬਾਹਰੋਂ ਬੇਖ਼ਬਰ ਗਿੱਦੜ ਹੋਰੀਂ ਨਿੱਘੇ ਕਮਰਿਆਂ 'ਚ ਆਰਾਮ ਫਰਮਾਉਂਦੇ ਰਹੇ। ਠੰਡ ਕਰਕੇ ਹਾਥੀ ਦੀ ਦੇਹ ਸੁੰਗੜਨੀ ਸ਼ੁਰੂ

ਹੋ ਗਈ। ਪਿੱਠ ਵਾਲੀ ਸੁਰੰਗ ਤਾਂ ਤਕਰੀਬਨ ਬੰਦ ਈ ਹੋ ਚੱਲੀ ਸੀ। ਐਵੇਂ ਸਾਹ ਆਉਣ ਜੋਗੀ ਝੀਤ ਈ ਰਹਿ ਗਈ ਸੀ। ਗਿੱਦੜ ਦਾ ਤਾਂ ਅੰਦਰ ਦਮ ਘੁੱਟਣ ਲੱਗਾ। ਹੌਲੀ ਹੌਲੀ ਅੰਦਰੋਂ ਰਾਸ਼ਨ ਵੀ ਮੁਕਦਾ ਗਿਆ।

ਕਈ ਮਹੀਨੇ ਬੀਤ ਗਏ। ਕਰਨੀ ਰੱਬ ਦੀ, ਜਿਸ ਪਗਡੰਡੀ 'ਤੇ ਹਾਥੀ ਦੀ ਦੇਹ ਪਈ ਸੀ ਉਥੋਂ ਦੀ ਕੁੱਝ ਸਾਧੂ ਲੰਘੇ। ਇਹ ਸਾਧੂ ਗਿਆਨ ਦੀ ਭਾਲ ਵਿਚ ਪਰਬਤਾਂ, ਜੰਗਲਾਂ ਵਿਚ ਕਠਿਨ ਤਪੱਸਿਆ ਕਰ ਕਰ ਹੰਭ ਰਹੇ ਸਨ ਪਰ ਗਿਆਨ ਦੀ ਪਰਾਪਤੀ ਨਹੀਂ ਸੀ ਹੋ ਰਹੀ। ਉਹਨਾਂ ਮਰਿਆ ਹੋਇਆ ਹਾਥੀ ਵੇਖਿਆ। ਜਦ ਨੇੜੇ ਆਏ ਤਾਂ ਅੰਦਰੋਂ ਗਿੱਦੜ ਦੇ ਰੋਣ ਧੋਣ ਦੀਆਂ ਆਵਾਜਾਂ ਆਈਆਂ। ਸਾਧੂਆਂ ਦੀ ਜਗਿਆਸਾ ਹੋਰ ਵਧ ਗਈ। ਉਹਨਾਂ ਕਿਵੇਂ ਨਾ ਕਿਵੇਂ ਜਦ ਹਾਥੀ ਦੀ ਪਿੱਠ ਵਾਲੀ ਸੁਰੰਗ ਨੂੰ ਖੋਲ੍ਹਿਆ ਤਾਂ ਅੰਦਰੋਂ ਗਿੱਦੜ ਪੂਰੇ ਛਕਾਟ ਨਾਲ ਬਾਹਰ ਨੂੰ ਦੌੜਿਆ। ਭੱਜੇ ਜਾਂਦੇ ਗਿੱਦੜ ਦੇ ਮਗਰ ਸਾਧੂ ਵੀ ਦੌੜੇ ਤੇ ਪੁੱਛਣ ਲੱਗੇ ਕਿ 'ਹੇ ਗਿੱਦੜ! ਆਖ਼ਰ ਤੂੰ ਏਨੇ ਚਿਰ ਤੋਂ ਇਸ ਸੁਰੰਗ ਰੂਪੀ ਭੋਰੇ 'ਚ ਤਪੱਸਿਆ ਕੀਤੀ ਹੈ, ਕਿਰਪਾ ਕਰਕੇ ਸਾਨੂੰ ਜ਼ਰੂਰ ਦੱਸੋ ਕਿ ਤੁਹਾਨੂੰ ਕਿਹੜਾ ਬਰਹਮ ਗਿਆਨ ਪਰਾਪਤ ਹੋਇਆ ਹੈ।' ਹਾਥੀ ਦੇ ਅੰਦਰ ਸੁੰਗੜ ਕੇ ਗਿੱਦੜ ਦੀ ਸ਼ਕਲ ਘੁਲਾੜੀ 'ਚੋਂ ਨਿਕਲੇ ਗੰਨੇ ਵਰਗੀ ਹੋ ਗਈ ਸੀ। ਪੂਰੀ ਸਪੀਡ ਨਾਲ ਭੱਜਿਆ ਜਾ ਰਿਹਾ ਗਿੱਦੜ ਹੁਆਂਕ ਹੁਆਂਕ ਕੇ ਕਹਿ ਰਿਹਾ ਸੀ ਕਿ 'ਕਦੇ ਵੀ ਆਪਣੇ ਤੋਂ ਵੱਡੇ ਦੀ ਪਿੱਠ ਵਿਚ ਨਾ ਵੜੋ।'

... ਪਰ ਇਥੇ ਗੱਲ ਤਾਂ ਮੂਸ ਦੀ ਚੱਲ ਰਹੀ ਸੀ। ਹਾਂ ਤੇ ਮੂਸ ਸ਼ਹਿਰ ਵਿਚ ਆਣ ਪਹੁੰਚਿਆ ਸੀ। ਸ਼ਹਿਰ ਅਤੇ ਦੇਸ਼ ਵਾਸੀਆਂ ਨੂੰ ਰੇਡੀਓ, ਟੀ. ਵੀ. ਤੋਂ ਮੂਸ ਬਾਰੇ ਹੀ ਖ਼ਬਰਾਂ ਮਿਲ ਰਹੀਆਂ ਸਨ। ਇਥੋਂ ਛਪਣ ਵਾਲੇ ਤੇ ਕਨੇਡਾ ਭਰ 'ਚ ਵਿਕਣ ਵਾਲੇ ਅਖ਼ਬਾਰ 'ਬਲੈਕ ਮੇਲ' ਦੇ ਸਵੇਰ ਵਾਲੇ ਐਡੀਸ਼ਨ ਵਿਚ ਮੂਸ ਦੀ ਰੰਗਦਾਰ ਫੋਟੋ ਵੀ ਛਾਪੀ ਗਈ। ਬੱਚੇ, ਬੁੱਢੇ, ਤੀਵੀਆਂ, ਮਰਦ, ਪੜ੍ਹੇ ਅਤੇ ਅਣਪੜ੍ਹ ਸਾਰੇ ਈ ਮੂਸ ਦੀ ਸ਼ਹਿਰ ਵਿਚ ਆਮਦ ਵਿਚ ਯਥਾਯੋਗ ਦਿਲਚਸਪੀ ਵਿਖਾ ਰਹੇ ਸਨ। ਦੇਸ਼ ਦੇ ਹਰ ਕੋਨੇ ਵਿਚ ਹੁਣ ਮੂਸ ਬਾਰੇ ਚਰਚਾ ਹੋਣ ਲੱਗੀ ਸੀ।

ਕੌਮੀ ਪੱਧਰ 'ਤੇ ਦੇਸ਼ ਵਿਚ ਅਣਗਿਣਤ ਗੰਭੀਰ ਮਸਲੇ ਦਰਪੇਸ਼ ਸਨ। ਫਰੀ ਟਰੇਡ ਕਰਕੇ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ ਦਿਨ ਬਦਿਨ ਵਧਦੀ ਹੀ ਜਾ ਰਹੀ ਸੀ। ਪਿਛਲੇ ਵਰ੍ਹੇ ਆਪਣੇ ਟੋਰਾਂਟੋ ਦੇ ਟਰਿੱਪ ਸਮੇਂ ਗੁਰਮੀਤ ਨੇ ਨੋਟ ਕੀਤਾ ਸੀ ਕਿ ਪੂਰਬੀ ਸੂਬਿਆਂ ਵਿਚ ਤਾਂ ਹਾਲ ਬਹੁਤ ਹੀ ਮੰਦਾ ਸੀ। ਵੱਡੀਆਂ ਵੱਡੀਆਂ ਆਟੋਮੋਬੀਲ ਫੈਕਟਰੀਆਂ, ਜਿੰਨਾਂ ਵਿਚ ਕਿਸੇ ਵਕਤ ਦਸ ਦਸ ਹਜ਼ਾਰ ਬੰਦੇ ਕੰਮ ਕਰਦੇ ਸਨ, ਹੁਣ ਉੱਕਾ ਹੀ ਬੰਦ ਹੋ ਗਈਆਂ ਸਨ। ਬਹੁਤ ਸਾਰੀਆਂ ਵੱਡੀਆਂ ਕੰਪਨੀਆਂ ਨੇ ਆਪਣਾ ਅੱਡਾ ਗੱਡਾ ਪੁੱਟ ਕੇ ਹੋਰਨਾਂ ਗਰੀਬ ਮੁਲਕਾਂ 'ਚ ਕਾਰਖਾਨੇ ਜਾ ਲਾਏ ਸਨ, ਜਿੰਨ੍ਹਾਂ ਵਿਚ ਮਜ਼ਦੂਰੀ ਕਨੇਡਾ ਵਿਚ ਦਿਤੀ ਜਾਣ ਵਾਲੀ ਮਜ਼ਦੂਰੀ ਦਾ ਵੀਹਵਾਂ ਹਿੱਸਾ ਵੀ ਨਹੀਂ ਸੀ। ਛੋਟੀਆਂ ਫੈਕਟਰੀਆਂ ਜਿਹੜੀਆਂ ਵੱਡੀਆਂ ਫੈਕਟਰੀਆਂ ਦੀਆਂ 'ਸਪਿੰਨ-ਆਫ਼' ਸਨ, ਵੀ ਇਕ ਇਕ ਕਰਕੇ ਬੰਦ ਹੋ ਰਹੀਆਂ ਸਨ। ਛੋਟੇ ਮੋਟੇ ਬਿਜ਼ਨੈਸ ਵਾਲਿਆਂ, ਜਿਹੜੇ ਕਨੇਡਾ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਹਨ, ਦੇ ਦੀਵਾਲੀਏ ਹੋਣ ਦੀ ਪ੍ਰਤੀਸ਼ਤ ਪਿਛਲੇ ਚਹੁੰ ਵਰ੍ਹਿਆਂ 'ਚ ਦੁੱਗਣੀ ਹੋ ਗਈ ਸੀ। ਵੱਡੇ ਵੱਡੇ ਡਿਪਾਰਟਮੈਂਟ ਸਟੋਰ ਜਿਹੜੇ ਸੂਈ ਤੋਂ ਲੈ ਕੇ ਕਾਰਾਂ ਤੱਕ ਦੇ ਸਾਜੋ-ਸਮਾਨ ਨਾਲ ਤੂਸੇ ਪਏ ਸਨ ਵਿਚ ਵੀ ਗਾਹਕ ਘੱਟ ਹੀ ਵੜਦਾ ਸੀ। ਦੇਖਣ ਵਾਲੇ ਨੂੰ ਸਮੁੱਚਾ ਤਾਣਾਬਾਣਾ ਹੀ ਸੰਕਟ ਵਿਚ ਗ੍ਰਸਿਆ ਪ੍ਰਤੀਤ ਹੋ ਰਿਹਾ ਸੀ। ਲੋਕ ਜ਼ਿਆਦਾਤਕ ਵਿੰਡੋ-ਸ਼ਾਪਿੰਗ ਹੀ ਕਰਦੇ ਸਨ।

ਬੇਰੁਜ਼ਗਾਰੀ ਦਾ ਮਸਲਾ ਹਰੇਕ ਧਿਰ ਦੇ ਅਜੰਡੇ 'ਤੇ ਸੀ। ਵਿਰੋਧੀ ਪਾਰਟੀਆਂ ਦੀ ਪੁਰ-ਜ਼ੋਰ ਮੰਗ ਅਤੇ ਦੇਸ਼-ਭਰ ਵਿਚ ਮਚੀ ਹਾਹਾਕਾਰ ਕਰਕੇ ਸਰਕਾਰ ਨੇ ਆਪਣੀ ਮਰਜ਼ੀ ਦੇ ਵਿਅਕਤੀਆਂ ਦਾ ਇਕ 'ਨਿਰਪੱਖ' ਕਮਿਸ਼ਨ ਬਿਠਾਇਆ ਸੀ। ਸੱਠ ਮਿਲੀਅਨ ਡਾਲਰ ਖ਼ਰਚ ਕੇ ਅੱਠ-ਮੈਂਬਰੀ ਕਮਿਸ਼ਨ ਬੋਰਡ ਨੇ ਤਿੰਨ ਸਾਲਾਂ ਵਿਚ ਦਸ਼ਮਲਵ ਬਿੰਦੂ ਦੇ ਤੀਸਰੇ ਅੰਕੜੇ ਤੱਕ ਦੀ ਐਕੁਰੇਸੀ ਨਾਲ ਬੇਰੁਜ਼ਗਾਰੀ ਦੀ ਦਰ ਲੱਭੀ ਸੀ। ਉਹ ਰਿਪੋਰਟ ਸਰਕਾਰ ਨੇ ਗੁਪਤ ਰੱਖ ਲਈ ਸੀ ਤੇ ਸਿਰਫ ਇੰਨ੍ਹੀ ਹੀ ਭਾਫ ਬਾਹਰ ਕੱਢੀ ਸੀ ਕਿ ਕਮਿਸ਼ਨ ਦੀ ਰਿਪੋਰਟ 'ਤੇ ਸਰਕਾਰ ਸੰਤੁਸ਼ਟ ਹੈ। ਸਰਕਾਰ ਆਉਣ ਵਾਲੇ ਸਾਲਾਂ ਵਿਚ ਇਸ 'ਤੇ ਗੌਰ ਕਰੇਗੀ। ਵਿਰੋਧੀ ਧਿਰਾਂ ਦਬਾਅ ਪਾ ਰਹੀਆਂ ਸਨ ਕਿ ਕਮਿਸ਼ਨ ਦੀ ਰਿਪੋਰਟ ਨੂੰ ਲੋਕਾਂ ਵਿਚ ਰੀਲੀਜ਼ ਕੀਤਾ ਜਾਵੇ ਤਾਂ ਕਿ ਇਹ ਸਿੱਧ ਕੀਤਾ ਜਾ ਸਕੇ ਕਿ ਸਿਰਫ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਇਹ ਹਾਲਤ ਹੋਈ ਹੈ।

ਲੋਕ ਸਰਕਾਰ ਅਤੇ ਵਿਰੋਧੀ ਧਿਰਾਂ ਦੀ ਬਕ ਬਕ ਤੋਂ ਤੰਗ ਆਏ ਹੋਏ ਸਨ। ਦੇਸ਼ ਦੇ ਕਈ ਹਿੱਸਿਆਂ ਵਿਚ ਤਾਂ ਲੋਕ ਸਰਕਾਰ ਅਤੇ ਵਿਰੋਧੀ ਧਿਰਾਂ ਦੇ ਲੀਡਰਾਂ ਨੂੰ ਸਿੱਧੇ ਹੋ ਕੇ ਟੱਕਰੇ ਸਨ ਕਿ ਮਸਲਾ ਇਹ ਨਹੀਂ ਕਿ ਬੇਰੁਜ਼ਗਾਰੀ ਕਿੰਨੀ ਵਧੀ ਹੈ ਜਾਂ ਆਉਣ ਵਾਲੇ ਸਮੇਂ ਵਿਚ ਇਹ ਕਿਸ ਰਫ਼ਤਾਰ ਨਾਲ ਵਧੇਗੀ? ਮਸਲਾ ਇਹ ਹੈ ਕਿ ਇਹ ਅਤੇ ਹੋਰ ਅਲਾਮਤਾਂ ਨੂੰ ਖ਼ਤਮ ਕਰਨ ਲਈ ਸਾਰੀਆਂ ਪਾਰਟੀਆਂ ਕੀ ਉਪਰਾਲੇ ਕਰ ਰਹੀਆਂ ਹਨ? ਸਵਾਲ ਜਾਇਜ਼ ਸੀ। ਇਸ ਬਾਰੇ ਸਾਰੀਆਂ ਧਿਰਾਂ ਦਾ ਗੰਭੀਰਤਾ ਨਾਲ ਸੋਚਣਾ ਬਣਦਾ ਸੀ। ਪਰ ਹੁਣ ਜਦ ਮੂਸ ਦਾ ਸਵਾਲ ਸਰਕਾਰ, ਵਿਰੋਧੀ ਧਿਰਾਂ ਅਤੇ ਮੀਡੀਏ ਦੇ ਸਾਹਮਣੇ ਸੀ ਤਾਂ ਉਹ ਭਲਾ ਬੇਰੁਜ਼ਗਾਰੀ ਵਰਗੇ ਖ਼ੁਸ਼ਕ ਮਸਲੇ ਬਾਰੇ ਕਿਵੇਂ ਸੋਚ ਸਕਦੇ ਸਨ? ਇਲੈਕਸ਼ਨਾਂ ਦੇ ਦਿਨ ਨੇੜੇ ਹੋਣ ਕਰਕੇ ਹਰ ਪਾਰਟੀ ਫੂਕ ਫੂਕ ਕੇ ਕਦਮ ਰੱਖ ਰਹੀ ਸੀ। ਕੁਝ ਵੀ ਵੱਧ ਘੱਟ ਕਹਿਣਾ ਪਾਰਟੀ ਲਈ ਤਬਾਹਕੁੰਨ ਸਾਬਤ ਹੋ ਸਕਦਾ ਸੀ। ਸੱਤਾਧਾਰੀ ਪਾਰਟੀ ਦੇ ਇਕ ਵੱਡੇ ਲੀਡਰ ਦੀ ਇਕੋ ਗਲਤ ਸਟੇਟਮੈਂਟ ਨੇ ਹੀ ਪਿਛਲੇ ਵਰ੍ਹੇ ਵਖ਼ਤ ਪਾ ਦਿੱਤਾ ਸੀ। ਵਿਰੋਧੀ ਧਿਰਾਂ ਅਤੇ ਮੀਡੀਏ ਦੀ ਲਾਲਾ ਲਾਲਾ ਨੇ ਮੰਤਰੀ ਨੂੰ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਸੀ। ਹੁਣ ਕੋਈ ਵੱਧ ਘੱਟ ਗੱਲ ਕਿਉਂ ਕਰੇ? ਖਾਹਮਖਾਹ ਉਸਤਰਿਆਂ ਦੀ ਮਾਲਾ ਕਿਉਂ ਗਲ ਪਾਵੇ? ਵਿਰੋਧੀ ਧਿਰਾਂ ਅਤੇ ਮੀਡੀਏ ਵਾਲੇ ਤਾਂ ਪੂਰੇ ਵੱਢਖਾਣੇ ਕੁੱਤੇ ਵਾਂਗ ਹੁੰਦੇ ਨੇ, ਹੱਡਾਰੋੜੀ ਤੀਕ ਪਿੱਛਾ ਕਰਨ ਵਾਲੇ!

ਇਹ ਜਾਨਵਰ ਸੀ ਹੀ ਐਸਾ ਕਿ ਕਿਸੇ ਲੰਡੇ ਲਾਟ ਦੀ ਪਰਵਾਹ ਨਹੀਂ ਸੀ ਕਰ ਰਿਹਾ। ਸ਼ਹਿਰ ਵਿਚ ਤਾਇਨਾਤ ਆਰ. ਸੀ. ਐਮ. ਪੀ. ਨੂੰ ਵੱਖਰੀਆਂ ਭਾਜੜਾਂ ਪਈਆਂ ਹੋਈਆਂ ਸਨ। ਉਹਨਾਂ 'ਵਿਚਾਰਿਆਂ' ਦੇ ਲੋਕਾਂ ਨੂੰ ਸਪੀਡਿੰਗ ਟਿਕਟਾਂ ਦੇ ਕੇ ਆਪਣੇ ਜ਼ਿੰਮੇ ਆਉਂਦੇ ਕੋਟੇ ਨੂੰ ਪੂਰੇ ਕਰਨ ਵਿਚ ਵਿਘਨ ਪੈ ਰਿਹਾ ਸੀ। ਹੁਣ ਇਹ ਜਾਨਵਰ ਬਾਹਰਾ ਹੋ ਕੇ ਸੜਕਾਂ 'ਤੇ ਮਰਜ਼ੀ ਨਾਲ ਇਧਰ ਉਧਰ ਘੁੰਮ ਫਿਰ ਰਿਹਾ ਸੀ। ਜੇ ਕਿਸੇ ਮਨੁੱਖ ਨੇ ਅਜਿਹੀ ਹਰਕਤ ਕੀਤੀ ਹੁੰਦੀ ਤਾਂ ਕਦੋਂ ਦਾ ਉਹਨੂੰ ਆਵਾਰਾਗਰਦੀ ਦੇ ਦੋਸ਼ ਵਿਚ ਅੰਦਰ ਕੀਤਾ ਹੁੰਦਾ। ਪਰ ਹੁਣ ਉਹ ਬੇਵੱਸ ਸਨ। ਸੜਕਾਂ 'ਤੇ ਇਕ ਬੰਨਿਉ ਦੂਜੇ ਬੰਨੇ ਜਾਣ ਲਈ ਵੀ ਇਹ ਆਪਣੀ ਮਰਜ਼ੀ ਹੀ ਕਰ ਰਿਹਾ ਸੀ। ਵਿਚਾਰੇ ਪੁਲਿਸ ਵਾਲੇ ਉਹਦੇ 'ਤੇ 'ਜੇ-ਵਾਕਿੰਗ' ਦਾ ਚਾਰਜ ਵੀ ਨਹੀਂ ਲਾ ਸਕਦੇ ਸਨ। ਇਹ ਕੋਈ ਛੋਟਾ ਮੋਟਾ ਸ਼ਹਿਰ ਵੀ ਨਹੀਂ ਸੀ ਕਿ ਗੱਲ ਆਈ ਗਈ ਕਰ ਛੱਡਦੇ। ਇਹ ਸ਼ਹਿਰ ਤਾਂ ਦੁਨੀਆਂ ਦੇ ਸਭ ਤੋਂ ਵੱਧ ਸੱਭਿਅਤ ਅਤੇ ਸ਼ਾਂਤਮਈ ਦੇਸ਼ ਦੀ ਰਾਜਧਾਨੀ ਸੀ ਤੇ ਰਾਜਧਾਨੀ ਵਿਚ ਹਰ ਕੰਮ ਡਸਿਪਲਨ 'ਚ ਰਹਿ ਕੇ ਹੀ ਕੀਤਾ/ਕਰਵਾਇਆ ਜਾਂਦਾ ਸੀ। ਸਰਕਾਰ ਜਾਂ ਵਿਰੋਧੀ ਧਿਰਾਂ ਨਹੀਂ ਸਨ ਚਾਹੁੰਦੀਆਂ ਕਿ ਮੀਡੀਏ ਵਾਲੇ ਇਹ ਗੱਲ ਦੁਨੀਆਂ ਦੀਆਂ ਨਜ਼ਰਾਂ ਵਿਚ ਲਿਆਉਣ ਕਿ ਇਨ੍ਹੇ ਵਿਕਸਤ ਦੇਸ਼ ਦੇ ਇਨੇ ਵਧੀਆ ਸ਼ਹਿਰ ਵਿਚ ਵੀ ਜੰਗਲੀ ਜਾਨਵਰ ਆਵਦੀ ਮਰਜ਼ੀ ਨਾਲ ਦਨਦਨਾਉਂਦੇ ਫਿਰਦੇ ਹਨ। ਇਥੇ ਕੋਈ ਜੰਗਲ ਦਾ ਰਾਜ ਥੋੜਾ ਸੀ? ਰਾਜਧਾਨੀ ਵਿਚ ਬਾਹਰਲੇ ਦੇਸ਼ਾਂ ਦੇ ਸਫੀਰਾਂ ਨੇ ਆਉਣਾ ਜਾਣਾ ਹੁੰਦਾ, ਉਹਨਾਂ ਨੇ ਸ਼ਹਿਰ ਦੀਆਂ ਦਿਲਚਸਪ ਥਾਵਾਂ ਵੇਖਣੀਆਂ ਹੁੰਦੀਆਂ। ਵੱਡੀਆਂ ਵੱਡੀਆਂ ਲਿੰਮੋਜ਼ੀਨਾਂ ਵਿਚ ਸ਼ਾਹੀ ਠਾਠ ਨਾਲ ਘੁੰਮਦਿਆਂ ਜੇਕਰ ਉਹਨਾਂ

ਨੂੰ ਮੂਸ ਨਜ਼ਰ ਆ ਗਿਆ ਤਾਂ ਉਹ ਇਸ ਦੇਸ਼ ਬਾਰੇ ਕੀ ਸੋਚਣਗੇ? ਉਹਨਾਂ ਵਿਚਾਰਿਆਂ ਨੂੰ ਤਾਂ ਸਰੇ ਦੀ ਛੱਡ ਕੇ ਪਰੇ ਦੀ ਪਈ ਹੋਈ ਸੀ।

ਇਲੈਕਸ਼ਨਾਂ ਵਿਚ ਬਹੁਤ ਹੀ ਥੋੜ੍ਹਾ ਸਮਾਂ ਰਹਿ ਗਿਆ ਸੀ। ਸਾਰੀਆਂ ਪਾਰਟੀਆਂ ਦੇ ਸਾਰੇ ਵੱਡੇ ਛੋਟੇ ਲੀਡਰ ਤੂਫਾਨੀ ਦੌਰਿਆਂ 'ਤੇ ਨਿਕਲੇ ਹੋਏ ਸਨ ਚੋਣ ਪਰਚਾਰ ਵਿਚ ਕੀਤੇ ਵਾਅਦਿਆਂ ਵਿਚ ਸਾਰੇ ਈ ਲੀਡਰ ਹਰ ਇਲਾਕੇ ਵਾਸਤੇ ਸੜਕਾਂ, ਪੁਲ, ਹਸਪਤਾਲ, ਚੰਗੀ ਵਿਦਿਆ, ਬੇਰੁਜ਼ਗਾਰੀ ਭੱਤਿਆਂ 'ਚ ਵਾਧੇ, ਸਮਾਜਕ ਸੇਵਾਵਾਂ ਵਿਚ ਬੇਹਤਰੀ, ਵਧੇਰੇ ਬੁਢਾਪਾ ਪੈਨਸ਼ਨਾਂ, ਬੱਚਿਆਂ ਦੀ ਦੇਖਭਾਲ, ਔਰਤਾਂ ਦੀ ਆਜ਼ਾਦੀ, ਘੱਟ ਗਿਣਤੀ ਲੋਕਾਂ ਨੂੰ ਵਿਸ਼ੇਸ਼ ਸਹੂਲਤਾਂ ਅਤੇ ਕਿੰਨਾ ਕੁਝ ਹੋਰ ਆਪਣੀਆਂ ਲਿੰਮੋਜ਼ੀਨਾਂ ਦੀਆਂ ਡਿੱਗੀਆਂ ਵਿਚ ਲੱਦੀ ਫਿਰਦੇ ਸਨ। ਹਰ ਲੀਡਰ ਆਪਣੇ ਆਪ ਨੂੰ ਵੱਡਾ ਦਾਨੀ ਪੁਰਸ਼ ਸਮਝ ਰਿਹਾ ਸੀ ਅਤੇ ਲੋਕਾਂ ਨੂੰ ਮਹਿਜ਼ ਝੋਲੀ ਅੱਡੀ ਖੜ੍ਹੇ ਮੰਗਤੇ!

ਪਰ ਹੁਣ ਮੂਸ ਦੀ ਸ਼ਹਿਰ ਵਿਚ ਆਮਦ ਨੇ ਸਾਰੇ ਹੀ ਲੀਡਰਾਂ ਦੇ ਪ੍ਰੋਗਰਾਮਾਂ ਵਿਚ ਗੜਬੜ ਕਰ ਦਿਤੀ ਸੀ। ਉਹਨਾਂ ਦੇ ਨਿੱਜੀ ਸਕੱਤਰਾਂ ਨੂੰ ਸਪੈਸ਼ਲ ਸਟੇਟਮੈਂਟਾਂ ਤਿਆਰ ਕਰਨੀਆਂ ਪੈ ਰਹੀਆਂ ਸਨ। ਭਾਵੇਂ ਇਸ ਸ਼ਹਿਰ ਦੇ ਚੁਫੇਰੇ ਕੰਡਿਆਲੀ ਤਾਰ ਵਾਲੀ ਫੈਂਨਸ ਲੱਗੀ ਹੋਈ ਸੀ। ਕਈ ਸਾਲ ਪਹਿਲਾਂ ਜਦੋਂ ਮੀਂਹ ਆਦਿ ਨਾ ਪੈਣ ਕਰਕੇ ਜੰਗਲ ਦੇ ਦਰਖਤ, ਝਾੜੀਆਂ ਅਤੇ ਘਾਹ ਫੂਸ ਸੜ ਸੁੱਕ ਗਏ ਸਨ ਤਾਂ ਜੰਗਲਾਂ ਵਿਚ ਖੁਰਾਕ ਦੀ ਕਮੀ ਹੋ ਗਈ ਸੀ। ਇਕ ਦਿਨ ਖੁਰਾਕ ਦੀ ਭਾਲ ਵਿਚ ਰਿੱਛ ਦੇ ਦੋ ਬੱਚੇ ਇਸ ਸ਼ਹਿਰ ਵਿਚ ਆਣ ਵੜੇ ਸਨ ਅਤੇ ਲੋਕਾਂ ਦੇ ਬਾਹਰ ਪਏ ਗਾਰਬੇਜ ਕੈਨਾਂ 'ਚੋਂ ਗਾਰਬੇਜ ਨੂੰ ਮੂੰਹ ਮਾਰਨਾ ਸ਼ੁਰੂ ਕਰ ਦਿਤਾ ਸੀ। ਉਸ ਵੇਲੇ ਵੀ ਬੜੇ ਹੰਗਾਮੀ ਹਾਲਾਤ ਬਣ ਗਏ ਸਨ। ਉਦੋਂ ਦੀ ਸਰਕਾਰ ਨੂੰ ਖੜ੍ਹੇ ਪੈਰ ਮੁਲਕ ਵਿਚ ਨਵਾਂ ਕਾਨੂੰਨ ਲਾਗੂ ਕਰਨਾ ਪਿਆ ਸੀ ਕਿ ਸਾਰੇ ਜੰਗਲੀ ਇਲਾਕਿਆਂ ਵਿਚ ਸਥਿੱਤ ਸ਼ਹਿਰਾਂ ਦੇ ਲੋਕ ਆਪੋ ਆਪਣੇ ਗਾਰਬੇਜ ਨੂੰ ਜਿੰਦਰੇ ਲਗਾ ਕੇ ਰੱਖਣ ਤਾਂ ਕਿ ਕੋਈ ਵੀ ਜੰਗਲੀ ਜਾਨਵਰ ਇਨ੍ਹਾਂ ਵਿਚ ਮੂੰਹ ਨਾ ਮਾਰ ਸਕਣ। ਇਸ ਕਾਨੂੰਨ ਦੀ ਉਲੰਘਣਾ ਕਰਨ ਤੇ ਹਰਜਾਨੇ ਵਜੋਂ ਪੰਜ ਸੌ ਡਾਲਰ ਦੇਣੇ ਪੈਣੇ ਸਨ।

ਪਰ ਹੁਣ ਇਸ ਮੂਸ ਬਾਰੇ ਕੀ ਕੀਤਾ ਜਾਵੇ? ਸਰਕਾਰ ਅਤੇ ਵਿਰੋਧੀ ਧਿਰਾਂ ਕੋਈ ਵੀ ਸਟੇਟਮੈਂਟ ਦੇ ਕੇ ਪਹਿਲਕਦਮੀ ਕਰਨ ਤੋਂ ਸੰਕੋਚ ਕਰ ਰਹੀਆਂ ਸਨ। ਇਥੇ ਪਤਾ ਨਹੀਂ ਹੁੰਦਾ ਕਈ ਵਾਰੀ ਚੰਗੀ ਭਲੀ ਅਤੇ ਵਾਜਬ ਲਗਦੀ ਸਟੇਟਮੈਂਟ ਸਾਰੇ ਕੀਤ ਕਰਾਏ 'ਤੇ ਪਾਣੀ ਫੇਰ ਦਿੰਦੀ ਹੈ। ਲੈਣੇ ਦੇ ਦੇਣੇ ਪੈ ਜਾਂਦੇ ਹਨ। ਖਾਹਮਖਾਹ ਈ ਕੋਈ ਆਪਣੇ ਰਾਹ 'ਚ ਸੇਹ ਦਾ ਤੱਕਲਾ ਕਿਉਂ ਗੱਡੇ? ਇਧਰ ਇਹ ਜਾਨਵਰ ਹੀ ਐਸਾ ਸੀ ਜਿਸਨੇ ਸ਼ਹਿਰ ਦਾ ਸਾਰਾ ਟਰਾਂਸਪੋਰਟੇਸ਼ਨ ਅਤੇ ਸਿਗਨਲ ਵਿਭਾਗ ਵੰਝ 'ਤੇ ਟੰਗ ਰੱਖਿਆ ਸੀ। ਇਹ ਕਿਸੇ ਹਰੀ, ਸੰਤਰੀ ਜਾਂ ਲਾਲ ਬੱਤੀ ਦੀ ਪਰਵਾਹ ਵੀ ਨਹੀਂ ਸੀ ਕਰ ਰਿਹਾ। ਉਧਰੋਂ ਮੂਸ ਦੇ ਦਰਸ਼ਨਾਂ ਲਈ ਲੋਕ ਕਾਰਾਂ, ਵੈਨਾਂ, ਪਿੱਕ-ਅੱਪ ਟਰੱਕਾਂ ਅਤੇ ਸਟੇਸ਼ਨ ਵੈਗਨਾਂ 'ਚ ਵਹੀਰਾਂ ਘੱਤੀ ਆ ਰਹੇ ਸਨ। ਥਾਂ ਥਾਂ ਕੁਰਬਲ ਕੁਰਬਲ ਹੋ ਰਹੀ ਸੀ। ਗੁਰਮੀਤ ਸੋਚ ਰਿਹਾ ਸੀ ਕਿ ਜੇਕਰ ਹਿੰਦੋਸਤਾਨ ਵਿਚ ਅਜਿਹਾ ਹੋਇਆ ਹੁੰਦਾ ਤਾਂ ਹੁਣ ਨੂੰ ਹਲਕਾ ਹਲਕਾ ਲਾਠੀ ਚਾਰਜ ਵੀ ਹੋ ਜਾਣਾ ਸੀ। ਮੌਕੇ ਤੇ ਪੁੱਜੇ ਸੱਤਾਧਾਰੀ ਲੀਡਰ ਨੂੰ ਮੀਡੀਏ ਵਾਲਿਆਂ ਇਉਂ ਘੇਰ ਲਿਆ ਜਿਵੇਂ ਕਾਵਾਂ ਨੇ ਉੱਲੂ ਘੇਰਿਆ ਹੋਵੇ। ਉਹ ਹੁਣ ਕੋਈ ਨਾ ਕੋਈ ਸਟੇਟਮੈਂਟ ਲੈ ਕੇ ਹੀ ਖਹਿੜਾ ਛੱਡਣਾ ਚਾਹੁੰਦੇ ਸਨ ਤਾਂ ਜੋ ਪਤਾ ਲੱਗ ਸਕੇ ਕਿ ਮੂਸ ਦੇ ਇਸ਼ੂ 'ਤੇ ਸਰਕਾਰ ਦਾ ਕੀ ਸਟੈਂਡ ਹੈ?

ਮੂਸ ਦੇ ਮਸਲੇ ਨੂੰ ਘਾਗ ਸਿਆਸਤਦਾਨਾਂ ਨੇ ਪੇਚੀਦਾ ਬਣਾ ਦਿੱਤਾ ਸੀ। ਸਰਕਾਰੀ ਨੁਮਾਇੰਦੇ ਨੇ ਟੇਢੇ ਜਿਹੇ ਢੰਗ ਨਾਲ ਬਿਆਨ ਦਿਤਾ ਕਿ ਸਰਕਾਰ ਮੂਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਤਰ੍ਹਾਂ ਚੌਕਸ ਹੈ ਅਤੇ ਰਾਜਧਾਨੀ ਵਿਚੋਂ ਮੂਸ ਨੂੰ ਬਾਹਰ ਧੱਕ ਦਿਤਾ ਜਾਵੇਗਾ। ਉਹ ਆਉਂਦੀਆਂ ਚੋਣਾਂ ਵਿਚੋਂ ਜਿੱਤ ਕੇ ਇਸ ਸਬੰਧੀ ਇਕ ਵਿਸ਼ੇਸ਼ ਕਾਨੂੰਨ ਬਣਾਵੇਗਾ ਜਿਸ ਤਹਿਤ ਹਰ ਜੰਗਲੀ ਪਸ਼ੂ-ਪੰਛੀ ਨੂੰ ਸੱਭਯ ਇਲਾਕਿਆਂ ਵਿਚ ਆਉਣ 'ਤੇ ਪਾਬੰਦੀ ਹੋਵੇਗੀ। ਵਿਰੋਧੀ ਧਿਰਾਂ ਨੇ ਇਸ ਬਿਆਨ ਦੇ ਅਰਥ ਬੜੇ ਦਿਲਚਸਪ ਢੰਗ ਨਾਲ ਕੱਢੇ ਅਤੇ ਪਰਚਾਰੇ। ਉਹਨਾਂ ਦਾ ਕਹਿਣਾ ਸੀ ਕਿ ਅੱਜ ਸਰਕਾਰ ਮੂਸ 'ਤੇ ਪਾਬੰਦੀ ਲਗਾ ਰਹੀ ਹੈ ਕਿਉਂਕਿ ਉਹ ਘੱਟ ਗਿਣਤੀ ਵਿਚ ਹਨ। ਉਹਨਾਂ ਵਿਚਾਰਿਆਂ ਦੀ ਤਾਂ ਪਹਿਲਾਂ ਈ ਨਸਲਕੁਸ਼ੀ ਹੋ ਰਹੀ ਹੈ। ਇਹ ਨਵਾਂ ਕਾਨੂੰਨ ਅਸਲ ਵਿਚ ਪਰਦੇ ਪਿੱਛੇ ਘੱਟ ਗਿਣਤੀ ਨੂੰ ਦਬਾ ਕੇ ਰੱਖਣ ਤੋਂ ਸਿਵਾ ਕੁਝ ਨਹੀਂ ਹੈ।

ਇਸ ਮਸਲੇ ਬਾਰੇ ਚਰਚਾ ਕਾਹਦੀ ਛਿੜੀ ਬੱਸ ਸਮਝੋ ਕਿ ਭੂੰਡਾਂ ਦੀ ਖੱਖਰ ਛੇੜ ਲਈ। ਬਲਾਤਕਾਰ ਕਰਨ ਵਾਲੇ ਅਤੇ ਮਾਸੂਮ ਬੱਚਿਆਂ ਦੇ ਕਾਤਲ ਅਤੇ ਹੋਰ ਅਜਿਹੇ ਸੰਗੀਨ ਜੁਰਮਾਂ ਕਰਕੇ ਸਜ਼ਾ-ਯਾਫਤਾ ਇਖ਼ਲਾਕੀ ਕੈਦੀ ਵੀ ਆਪਣੇ ਲਈ ਘੱਟ ਗਿਣਤੀ ਅਧਿਕਾਰਾਂ ਦੀ ਮੰਗ ਕਰ ਰਹੇ ਸਨ। ਅਸਲ ਵਿਚ ਇਹ ਇਖ਼ਲਾਕੀ ਕੈਦੀ ਉਹ ਸਨ ਜਿਹੜੇ ਕੈਨੇਡਾ ਵਿਚ ਫਾਂਸੀ ਦੀ ਸਜ਼ਾ ਨਾ ਹੋਣ ਕਰਕੇ ਉਮਰ ਕੈਦ ਭੁਗਤ ਰਹੇ ਸਨ। ਇਹਨਾਂ ਵਿਚੋਂ ਕਈਆਂ ਨੇ ਦਸ ਦਸ ਬੱਚਿਆਂ ਨੂੰ ਮਾਰਨ ਦਾ ਅਤੇ ਕਈਆਂ ਨੇ ਦਰਜਣਾਂ ਔਰਤਾਂ ਨਾਲ ਬਲਾਤਕਾਰ ਕਰਕੇ ਜਾਨੋ ਮਾਰ ਦੇਣ ਦਾ ਅਪਰਾਧ ਕੀਤਾ ਸੀ। ਫਾਂਸੀ ਦੀ ਸਜ਼ਾ ਤੋਂ ਬਚੇ ਇਹਨਾਂ ਮੁਜ਼ਰਮਾਂ ਨੂੰ ਇਹ ਦੇਸ਼ ਬਹਿਸ਼ਤ ਵਰਗਾ ਲੱਗਦਾ ਸੀ। ਹੋਰ ਤਾਂ ਹੋਰ ਕਈ ਦੋਸ਼ੀ ਉਹਨਾਂ ਮੁਲਕਾਂ ਤੋਂ ਕਿਵੇਂ ਨਾ ਕਿਵੇਂ ਖਿਸਕ ਆਏ ਸਨ ਜਿਨ੍ਹਾਂ ਵਿਚ ਫਾਂਸੀ ਦੀ ਸਜ਼ਾ ਬਹਾਲ ਸੀ। ਇਹ ਕੈਦੀ ਜੇਲ੍ਹਾਂ ਵਿਚ ਜੋ ਸਹੂਲਤਾਂ ਮਾਣਦੇ ਸਨ ਉਹੋ ਜਿਹੀਆਂ ਤਾਂ ਕਈ ਕਰੜੀ ਮਿਹਨਤ ਕਰਨ ਵਾਲਿਆਂ ਨੂੰ ਵੀ ਨਸੀਬ ਨਹੀਂ ਹੁੰਦੀਆਂ। ਰੋਜ਼ਾਨਾ ਤਿੰਨ ਵੇਲੇ ਖਾਣਾ, ਸੈਰ, ਕਸਰਤ, ਸਵਿਮਿੰਗ ਪੂਲ, ਸਿਗਰਟਾਂ, ਅਖ਼ਬਾਰਾਂ, ਟੀ. ਵੀ., ਵੀਡੀਓ ਆਦਿ ਸਭ ਸਹੂਲਤਾਂ ਉਹਨਾਂ ਲਈ ਉਪਲਭਧ ਸਨ। ਸਰਕਾਰ ਨੇ ਪਿੱਛੇ ਜਿਹੇ ਇਕ ਬਿਆਨ ਦਿੱਤਾ ਸੀ ਕਿ ਪੈਰੋਲ ਉਤੇ ਰਿਹਾਈ ਵਿਚ ਕਟੌਤੀ ਕੀਤੀ ਜਾਵੇਗੀ ਅਤੇ ਸਾਰੇ ਸੁਧਾਰ ਕੇਂਦਰਾਂ - ਕੁਰੈਕਸ਼ਨਲ ਇੰਸਟੀਚਿਊਟਸ- ਵਿਚੋਂ ਰੰਗਦਾਰ ਟੀ. ਵੀ. ਹਟਾ ਕੇ ਉਥੇ ਬਲੈਕ ਐਂਡ ਵਾਈਟ ਟੀ. ਵੀ. ਰੱਖੇ ਜਾਣਗੇ। ਕਿਉਂਕਿ ਇਹ ਮੁਜ਼ਰਮ ਉਥੇ ਆਪਣੇ ਗੁਨਾਹਾਂ ਕਰਕੇ ਡੱਕੇ ਹੋਏ ਹਨ, ਉਹ ਸਰਕਾਰ ਦੇ ਮਹਿਮਾਨ ਨਹੀਂ ਹਨ। ਵਿਚੋਂ ਕਈ ਇਹ ਕਹਿ ਰਹੇ ਸਨ ਕਿ ਇਹ ਮੁਜ਼ਰਮ ਸਮਾਜ ਦੀ ਉਪਜ ਹਨ। ਉਹਨਾਂ ਦਾ ਮੱਤ ਸੀ ਕਿ ਇਹਨਾਂ ਮੁਜ਼ਰਮਾਂ ਨਾਲ ਵਧੀਆ ਸਲੂਕ ਦੀ ਜ਼ਰੂਰਤ ਸੀ ਤਾਂ ਜੋ ਸਜ਼ਾ ਭੁਗਤਣ ਉਪਰੰਤ ਇਹ ਲੋਕ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਲ ਹੋ ਸਕਣ। ਇਸ ਛਿੜੇ ਵਾਦ ਵਿਵਾਦ ਵਿਚ ਕਈ ਹੋਰ ਮੰਗਾਂ ਵੀ ਆਣ ਰਲੀਆਂ ਸਨ ਕਿ ਉਹਨਾਂ ਨੂੰ ਆਪਣੀਆਂ ਗਰਲ/ਬੁਆਏ ਫਰਿੰਡਾਂ ਨੂੰ ਆਜ਼ਾਦੀ ਨਾਲ ਮਿਲਣ ਦੀ ਖੁੱਲ੍ਹ ਹੋਵੇ, ਹਰ ਹਫਤੇ ਉਹਨਾਂ ਨੂੰ ਡੇ ਪਾਸ ਦਿਤਾ ਜਾਵੇ, ਸਿਗਰਟਾਂ ਆਮ ਪਬਲਿਕ ਤੋਂ ਅੱਧੀ ਕੀਮਤ 'ਤੇ ਦਿਤੀਆਂ ਜਾਣ, ਅਤੇ ਇਹ ਕਿ ਸਰਕਾਰ ਮੁਫਤ ਕੰਡੋਮ ਮੁਹੱਈਆਂ ਕਰੇ ਤਾਂ ਜੋ ਵਿਚਾਰੇ ਕੈਦੀ 'ਸੇਫ ਸੈਕਸ' ਕਰ ਸਕਣ। ਇਹਨਾਂ ਮੰਗਾਂ ਨੂੰ ਲੈ ਕੇ ਰਾਜਧਾਨੀ ਦੇ ਬਾਹਰਵਾਰ ਬਣੇ ਸੁਧਾਰ ਕੇਂਦਰ ਵਿਚ ਤਾਂ ਕੈਦੀਆਂ ਨੇ ਭੁੱਖ-ਹੜਤਾਲ ਵੀ ਆਰੰਭ ਦਿੱਤੀ ਸੀ। ਕੈਨੇਡੀਅਨ ਬਕਵਾਸ ਕਾਰਪੋਰੇਸ਼ਨ ਦੇ ਟੀ.ਵੀ. ਅਤੇ ਰੇਡੀਓ ਵਾਲਿਆਂ ਨੇ ਤਾਂ ਸੁਧਾਰ ਕੇਂਦਰ ਵਿਚ ਜਾ ਕੇ ਕੈਦੀਆਂ ਨਾਲ ਇੰਟਰਵਿਊਜ਼ ਵੀ ਕੀਤੀਆਂ ਸਨ।

ਘੱਟ ਗਿਣਤੀ ਅਧਿਕਾਰਾਂ ਦੀ ਮੰਗ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਜਾਨਵਰ ਸੁਰੱਖਿਆ ਏਜੰਸੀ ਦਾ ਖੜ੍ਹੇ ਪੈਰ ਹੀ ਐਲਾਨ ਕਰ ਦਿੱਤਾ ਗਿਆ। ਦੇਖਦਿਆਂ ਦੇਖਦਿਆਂ ਹੀ ਸਾਰੇ ਦੇਸ਼ ਵਿਚ ਇਸ ਏਜੰਸੀ ਦੇ ਨੁਮਾਇੰਦਿਆਂ ਵੱਲੋਂ ਵਿਖਾਵੇ ਕਰਨੇ ਸ਼ੁਰੂ ਕਰ ਦਿਤੇ ਗਏ। ਗੁਰਮੀਤ ਨੂੰ ਅਲਬਰਟਾ ਦਾ ਤਜ਼ਰਬਾ ਸੀ। ਅਲਬਰਟਾ ਸਰਕਾਰ ਨੇ ਫੰਡਾਂ ਦੀ ਕਮੀ ਕਰਕੇ ਐਨੀਮਲ ਪਾਰਕ ਨੂੰ ਬੰਦ ਕਰਨ ਦਾ ਐਲਾਨ ਕਰ ਦਿੱਤਾ ਸੀ। ਇਹ ਇਕ ਵਿਲੱਖਣ ਕਿਸਮ ਦਾ ਐਨੀਮਲ ਪਾਰਕ ਸੀ ਜਿਥੇ ਜੰਗਲੀ ਜਾਨਵਰ ਆਜ਼ਾਦੀ ਨਾਲ ਘੁੰਮ ਸਕਦੇ ਸਨ। ਉਹਨਾਂ

ਨੂੰ ਕਿਸੇ ਚਿੜੀਆਘਰ ਵਾਂਗ ਪਿੰਜਰਿਆਂ ਵਿਚ ਡੱਕਿਆ ਹੋਇਆ ਨਹੀਂ ਸੀ। ਇਸ ਪਾਰਕ ਦੀ ਜ਼ਮੀਨ ਇਕ ਪਚਾਸੀ ਸਾਲਾ ਗੋਰੀ ਔਰਤ ਵੱਲੋਂ ਦਾਨ ਕੀਤੀ ਗਈ ਸੀ। ਹੁਣ ਪਾਰਕ ਬੰਦ ਹੋਣ ਕਰਕੇ ਇਹਨਾਂ ਸਾਰੇ ਜੰਗਲੀ ਜਾਨਵਰਾਂ ਨੂੰ ਵੱਖੋ ਵੱਖ ਥਾਵਾਂ 'ਤੇ ਛੱਡਿਆ ਜਾਣਾ ਸੀ ਜਾਂ ਇਹਨਾਂ ਨੂੰ ਉਝ ਹੀ ਖ਼ਤਮ ਕਰ ਦਿੱਤਾ ਜਾਣਾ ਸੀ। ਇਸ ਮਸਲੇ ਨੂੰ ਲੈ ਕੇ ਜਿਹੜਾ ਉਧ ਮੂਲ ਉਠਿਆ ਸੀ ਉਸਨੇ ਅਲਬਰਟਾ ਸਰਕਾਰ ਦੇ ਨਾਸੀਂ ਧੂੰਆਂ ਲਿਆ ਦਿੱਤਾ ਸੀ। ਉਸ ਬੁੱਢੀ ਔਰਤ ਨੇ ਤਾਂ ਜਾ ਕੇ ਪਾਰਕ ਦੇ ਗੇਟ ਨੂੰ ਲੱਗਾ ਜਿੰਦਰਾ ਵੀ ਪ੍ਰੋਪੇਨ ਟਾਰਚ ਨਾਲ ਕੱਟ ਸੁੱਟਿਆ ਸੀ ਅਤੇ ਜਾਨਵਰਾਂ ਨੂੰ ਰਿਹਾਅ ਕਰ ਦਿੱਤਾ ਸੀ।

ਉਦੋਂ ਸਰਕਾਰ ਕੋਲ ਜੇਕਰ ਸੀਟ-ਬੈਲਟ ਵਾਲਾ ਮਸਲਾ ਨਾ ਹੁੰਦਾ ਤਾਂ ਪਤਾ ਨਹੀਂ ਕੀ ਭਾਣਾ ਵਰਤਣਾ ਸੀ। ਚੁਸਤ ਚਲਾਕ ਘਾਗ ਪਾਲੇਟੀਸ਼ਨਾਂ ਨੇ ਮੀਡੀਏ ਵਾਲਿਆਂ ਦੀ ਕਿਰਪਾ ਨਾਲ ਉਸ ਗੱਲ ਨੂੰ ਸੀਟ-ਬੈਲਟ ਵਾਲੇ ਮਸਲੇ 'ਚ ਉਲਝਾ ਦਿੱਤਾ ਸੀ। ਆਮ ਲੋਕ ਕਹਿ ਰਹੇ ਸਨ ਕਿ ਇਹ ਉਹਨਾਂ ਦੀ ਆਪਣੀ ਮਰਜ਼ੀ ਹੋਣੀ ਚਾਹੀਦੀ ਹੈ ਕਿ ਕਾਰ ਚਲਾਉਂਦੇ ਵਕਤ ਉਹ ਸੀਟ-ਬੈਲਟ ਬੰਨਣ ਜਾਂ ਨਾ ਬੰਨਣ? ਪਰ ਸਰਕਾਰ ਕਹਿ ਰਹੀ ਸੀ ਕਿ ਉਸ ਨੇ ਛੱਤੀ ਮਿਲੀਅਨ ਡਾਲਰ ਖਰਚ ਕੇ ਸਰਵੇ ਅਤੇ ਰੀਸਰਚ ਕਰਵਾਈ ਸੀ ਕਿ ਸੀਟ-ਬੈਲਟ ਨਾਲ ਕਾਰ ਦੁਰਘਟਨਾਵਾਂ ਵਿਚ ਵਧੇਰੇ ਜਾਨਾਂ ਬਚ ਸਕਦੀਆਂ ਹਨ ਅਤੇ ਇਉਂ ਇੰਨਸ਼ੋਰੈਂਸ ਕੰਪਨੀਆਂ 'ਤੇ ਜਿਆਦਾ ਬੋਝ ਨਹੀਂ ਪੈਂਦਾ। ਲੋਕ ਕਹਿ ਰਹੇ ਸਨ ਕਿ ਜਦ ਸਾਰੀ ਇੰਨਸ਼ੋਰੈਂਸ ਹੈ ਹੀ ਪ੍ਰਾਈਵੇਟ ਕੰਪਨੀਆਂ ਕੋਲ ਤਾਂ ਫਿਰ ਸਰਕਾਰ ਵਿਚ ਟੰਗਾਂ ਕਿਉਂ ਅੜਾਉਂਦੀ ਸੀ। ਜਿਹਨਾਂ ਦੇ ਐਕਸੀਡੈਂਟ ਹੋਣਗੇ ਆਪੇ ਇੰਨਸ਼ੋਰੈਂਸ ਕੰਪਨੀਆਂ ਉਹਨਾਂ ਦੇ ਰੇਟ ਵਧਾਉਣ ਜਾ ਨਾ। ਜਿਸ ਦੀ ਅੱਖ ਦੁਖੂ ਆਪੇ ਪੱਟੀ ਬੰਨੂ। ਪਰ ਸਰਕਾਰ ਅੰਦਰੋਂ ਕਾਣੀ ਕੀਤੀ ਹੋਈ ਸੀ। ਇਲੈਕਸ਼ਨਾਂ ਵਿਚ ਢੇਰ ਸਾਰੇ ਫੰਡ ਟੋਰੀ ਸਰਕਾਰ ਨੇ ਅਜੇਹੀਆਂ ਕੰਪਨੀਆਂ ਤੋਂ ਲਏ ਸਨ ਤੇ ਹੁਣ ਸਰਕਾਰ ਉਹਨਾਂ ਦੇ ਹਿਤ ਨਾ ਪੂਰੇਗੀ ਤਾਂ ਹੋਰ ਕੀ ਕਰੇਗੀ? ਸੂਬੇ ਭਰ ਵਿਚ ਲੋਕਾਂ ਦੀ ਇੱਛਾ ਦੇ ਖਿਲਾਫ਼ ਸੀਟ-ਬੈਲਟ ਬੰਨਣ ਦਾ ਕਾਨੂੰਨ ਠੋਸ ਦਿਤਾ ਗਿਆ ਸੀ। ਟੋਰੀ ਸਰਕਾਰ ਦਾ ਆਪਣੇ ਗੁਪਤ ਹਲਕਿਆਂ 'ਚ ਕਹਿਣਾ ਸੀ ਕਿ ਜੇ ਇਉਂ ਲੋਕਾਂ ਦੇ ਮਗਰ ਹੀ ਲੱਗੇ ਰਹੀਏ ਤਾਂ ਫਿਰ ਸਰਕਾਰਾਂ ਟੱਟੂ ਦੀਆਂ ਹੋਈਆਂ?

ਸੱਤਾਧਾਰੀ ਲੀਡਰ ਕੁੜੱਕੀ 'ਚ ਫਸੇ ਮਹਿਸੂਸ ਕਰ ਰਹੇ ਸਨ। ਇਹ ਉਸਤਰਿਆਂ ਦੀ ਮਾਲਾ ਖਾਹਮਖਾਹ ਹੀ ਗਲ ਪੈ ਗਈ ਸੀ। ਹੋਰ ਸ਼ਹਿਰਾਂ ਦੇ ਦੌਰੇ 'ਤੇ ਚੜ੍ਹੇ ਖਾਣਾਂ ਅਤੇ ਜੰਗਲਾਤ ਮੰਤਰੀ ਨੂੰ ਇਹ ਬਿਆਨ ਦੇਣਾ ਹੀ ਪਿਆ ਕਿ ਮੂਸ ਦੇ ਸ਼ਹਿਰ ਵਿਚ ਆਉਣ ਨਾਲ ਰਾਜਧਾਨੀ ਦੇ ਕਾਰਜ ਵਿਚ ਜੋ ਵਿਘਨ ਪਿਆ ਹੈ ਉਸ ਨੂੰ ਧਿਆਨ ਵਿਚ ਰੱਖਦਿਆਂ ਇਹ ਕਾਨੂੰਨ ਪਾਸ ਕੀਤਾ ਜਾਂਦਾ ਹੈ ਕਿ ਰਾਜਧਾਨੀ ਦੇ ਆਸ ਪਾਸ ਪੰਜਾਹ ਮੀਲ ਦੇ ਅਰਧ ਵਿਆਸ ਦੇ ਖੇਤਰ ਵਿਚੋਂ ਜੰਗਲਾਂ ਦਾ ਸਫਾਇਆ ਕਰ ਦਿੱਤਾ ਜਾਵੇਗਾ ਅਤੇ ਕੰਡਿਆਲੀ ਤਾਰ ਲਗਾ ਦਿਤੀ ਜਾਵੇਗੀ। ਪੰਜਾਹ ਮੀਲ ਦੇ ਇਸ ਖਿੱਤੇ ਵਿਚ ਢੇਰ ਸਾਰੀਆਂ ਜੰਗਲੀ ਝਾੜੀਆਂ, ਕੁਦਰਤੀ ਚਸ਼ਮੇਂ, ਪੰਛੀਆਂ ਦੇ ਆਲ੍ਹਣੇ ਅਤੇ ਜੰਗਲੀ ਫੁੱਲ ਬੂਟੇ ਪਾਏ ਜਾਂਦੇ ਦੱਸੀਦੇ ਸਨ ਜਿਨ੍ਹਾਂ ਨੂੰ ਉਜਾੜਨ 'ਤੇ ਇਸ ਤੋਂ ਪਹਿਲੀ ਲਿਬਰਲ ਸਰਕਾਰ ਵੱਲੋਂ ਪਾਬੰਦੀ ਲਗਾਈ ਹੋਈ ਸੀ। ਇਹ ਬਿਆਨ ਆਉਣ ਨਾਲ ਵਾਤਾਵਰਣ ਪ੍ਰਤੀ ਚੇਤੰਨ ਜੱਥੇਬੰਦੀ, ਜਿਹਨਾਂ ਨੂੰ ਆਮ ਲੋਕ ਦਰੱਖਤਾਂ ਨੂੰ ਜੱਫੀਆਂ ਪਾਉਣ ਵਾਲੇ -ਟਰੀ ਹਗਰਜ਼ - ਵੀ ਕਹਿੰਦੇ ਸਨ, ਅਲੀ ਅਲੀ ਕਰਕੇ ਲੀਡਰ ਦੇ ਗਲ ਪੈ ਗਏ ਸਨ। ਇਕ ਪਬਲਿਕ ਮੀਟਿੰਗ ਵਿਚ ਕਈਆਂ ਨੇ ਉਸਨੂੰ ਬੋਲੀ ਉਂਗਲ - ਮਿਡਲ ਫਿੰਗਰ - ਵੀ ਵਿਖਾਈ ਸੀ ਤੇ ਢੀਠ ਜਿਹਾ ਬਣ ਕੇ ਲੀਡਰ ਚੱਡਿਆਂ 'ਚ ਪੂਛ ਲੁਕਾ ਕੇ ਆਪਣੀ ਕਾਰ 'ਚ ਬੈਠ ਉਥੋਂ ਤੁਰਦਾ ਹੋਇਆ ਸੀ।

ਉਂਝ ਭਲਾ ਮੂਸ ਨੂੰ ਕੋਈ ਪੁੱਛੇ ਕਿ ਉਹ ਇੱਧਰ ਕਰਨ ਕੀ ਆਇਆ ਸੀ? ਕੋਈ ਇਨਸਾਨ ਹੁੰਦਾ ਤਾਂ ਹੁਣ ਤੱਕ ਪੁਲਿਸ ਨੇ ਉਹਦੀ ਸਾਰੀ ਛਾਣਬੀਣ ਕਰ ਮਾਰਨੀ ਸੀ ਅਤੇ ਪੁਲਿਸ ਦੇ ਕੰਮ 'ਚ ਅੜਿੱਕਾ ਪਾਉਣ ਦੇ ਜੁਰਮ 'ਚ ਅੰਦਰ ਕਰ ਦੇਣਾ ਸੀ। ਸ਼ੁਕਰ ਰੱਬ ਦਾ ਕਿ ਜਿੱਥੇ ਉਹ ਘੁੰਮ ਰਿਹਾ ਸੀ ਉਹ ਇਲਾਕਾ ਸ਼ਹਿਰ ਦੇ ਬਾਹਰ ਬਾਹਰ ਹੀ ਸੀ। ਜੇ ਕਿਤੇ ਡਾਉਨ ਟਾਉਨ ਦੇ 'ਡਰੱਗ ਏਰੀਏ' ਘੁੰਮਦਾ ਪਾਇਆ ਜਾਂਦਾ ਤਾਂ ਉਹਦਾ ਨਾਂ 'ਜਾਹਨਜ਼' ਦੀ ਲਿਸਟ ਵਿਚ ਸ਼ਾਮਲ ਹੋ ਜਾਣਾ ਸੀ। ਦਸ ਕੁ ਬਲਾਕ ਲੰਬਾ ਅਤੇ ਦਸ ਕੁ ਬਲਾਕ ਚੌੜਾ ਵੇਸਵਾਗਮਨੀ ਨਾਲ ਗ੍ਰਸਤ ਇਹ ਏਰੀਆ ਡਾਉਨ ਟਾਉਨ ਦੇ ਬਿਲਕੁਲ ਵਿਚਕਾਰ ਪੈਂਦਾ ਸੀ। ਲੋਕਲ ਪੁਲਿਸ ਸਟੇਸ਼ਨ ਇਸਦੇ ਐਨ ਨਾਲ ਸੀ। ਪਰ ਫਿਰ ਵੀ ਇਸ ਏਰੀਏ ਵਿਚ ਵੇਸਵਾਵਾਂ ਅਤੇ ਦੱਲਿਆਂ ਦੀ ਭਰਮਾਰ ਲੱਗੀ ਰਹਿੰਦੀ ਸੀ। ਵੇਸਵਾਗਮਨੀ ਨੂੰ ਕਾਬੂ ਵਿਚ ਰੱਖਣ ਲਈ (ਖ਼ਤਮ ਕਰਨ ਲਈ ਨਹੀਂ) ਬਹੁਤ ਸਾਰੀਆਂ ਦਲੀਲਾਂ ਪੇਸ਼ ਹੋਈਆਂ ਸਨ। ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੇ ਰੇਡੀਓ ਅਤੇ ਟੀ.ਵੀ. ਉਪਰ ਇੰਟਰਵਿਊ ਦੌਰਾਨ ਇਸ ਖੇਤਰ ਵਿਚ ਨਿਪੁੰਨ ਅਤੇ ਪੀ. ਐਚ. ਡੀ. ਪਰਾਪਤ ਕਈ ਸ਼ਖ਼ਸ ਇਸ ਨੂੰ ਦੁਨੀਆਂ ਦਾ ਸਭ ਤੋਂ ਪੁਰਾਣਾ ਧੰਦਾ ਕਰਾਰ ਦੇ ਕੇ ਸਿੱਧ ਕਰ ਰਹੇ ਸਨ ਕਿ ਇਹ ਮਨੁੱਖੀ ਸਮਾਜ ਦਾ ਇਕ ਅਨਿੱਖੜਵਾਂ ਅੰਗ ਹੈ। ਹਾਂ ਉਹ ਇਸ ਨੂੰ ਕਾਨੂੰਨੀ ਕਰਾਰ ਦਿਵਾਉਣ ਲਈ ਵਕਾਲਤ ਕਰ ਰਹੇ ਸਨ ਤਾਂ ਕਿ ਜਿਸ ਨੂੰ ਵੀ ਤਲਬ ਹੋਵੇ, ਉਥੇ ਜਾਵੇ, ਪੈਸੇ ਖਰਚੇ ਅਤੇ ਆਪਣੀ ਕਾਮਿਕ ਤ੍ਰਿਪਤੀ ਕਰ ਲਵੇ। ਇਸ ਦੇ ਵਿਰੋਧ ਵਿਚ ਬੋਲਣ ਵਾਲੇ ਇਹ ਦਲੀਲ ਰੱਖ ਰਹੇ ਸਨ ਕਿ ਜੇਕਰ ਵੇਸਵਾਗਮਨੀ ਨੂੰ ਕਾਨੂੰਨੀ ਕਰਾਰ ਦੇ ਦਿਤਾ ਗਿਆ ਤਾਂ ਸਮਾਜ ਲਈ ਇਸ ਦੇ ਬਹੁਤ ਹੀ ਖ਼ਤਰਨਾਕ ਨਤੀਜੇ ਨਿਕਲਣਗੇ। ਮਸਲਨ: ਅਖ਼ਬਾਰਾਂ, ਰੇਡੀਓ, ਅਤੇ ਟੀ. ਵੀ. ਉਪਰ ਬਾਕੀ ਕੁਮਰਸ਼ਲਾਂ ਵਾਂਗ ਜਿਸਮਫਰੋਸ਼ੀ ਦੀਆਂ ਕੁਮਰਸ਼ਲਾਂ ਵੀ ਆਉਣ ਲੱਗ ਪੈਣਗੀਆਂ। ਘਰਾਂ ਵਿਚ ਸਪੈਸ਼ਲ ਡਿਸਕਾਉਂਟ ਵਾਲੇ ਇਸ਼ਤਿਹਾਰ ਪਹੁੰਚਣੇ ਸ਼ੁਰੂ ਹੋ ਜਾਣਗੇ ਜਾਂ ਸਪੈਸ਼ਲ ਸੇਲ ਵਾਲੇ ਇਸ਼ਤਿਹਾਰ ਜਿਵੇਂ ਪੀਜ਼ੇ ਵਾਲਿਆਂ ਦੇ ਇਸ਼ਤਿਹਾਰ ਹੁੰਦੇ ਹਨ ਕਿ 'ਦੋ ਖਰੀਦੋ ਅਤੇ ਤੀਸਰਾ ਮੁਫਤ'! ਅਤੇ ਤਲਬ ਵਾਲੇ ਲੋਕ ਨਕਦ ਪੈਸੇ ਨਾ ਹੋਣ ਦੀ ਸੂਰਤ ਵਿਚ ਕਰੈਡਿਟ ਕਾਰਡਾਂ ਦੀ ਵਰਤੋਂ ਵੇਸਵਾਗਮਨੀ ਲਈ ਕਰਨੀ ਸ਼ੁਰੂ ਕਰ ਦੇਣਗੇ। ਵੇਸਵਾਗਮਨੀ ਨੂੰ ਕਾਨੂੰਨੀ ਕਰਾਰ ਦਿਵਾਉਣ ਦੀ ਵਕਾਲਤ ਕਰਨ ਵਾਲੇ ਦੂਜੇ ਪਾਸੇ ਇਹ ਦਲੀਲ ਰੱਖ ਰਹੇ ਸਨ ਕਿ ਚੋਰੀ ਛੱਪੇ ਵੇਸਵਾਗਮਨੀ ਨਾਲ ਲੋਕਾਂ ਵਿਚ ਏਡਜ਼ ਦੀ ਬੀਮਾਰੀ ਵਧ ਰਹੀ ਹੈ। ਜੇਕਰ ਇਹ ਸਾਰਾ ਕੰਮ ਕਾਨੂੰਨੀ ਹੋਵੇ ਤਾਂ ਵੇਸਵਾਵਾਂ ਕੋਲ ਬਾਕਾਇਦਾ ਪਰਮਿਟ ਹੋਣਗੇ ਕਿ ਉਹ ਏਡਜ਼ ਜਾਂ ਹੋਰ ਅਜਿਹੀ ਬਿਮਾਰੀ ਤੋਂ ਮੁਕਤ ਹਨ ਤਾਂ ਇਹ ਲਾਇਲਾਜ਼ ਬਿਮਾਰੀ ਫੈਲਣੋ ਹਟ ਸਕਦੀ ਹੈ। ਅਤੇ ਇਹ ਵੀ ਕਿ ਵਿਚਕਾਰਲੇ ਬੰਦੇ ਜਾਂ ਦੱਲੇ ਜੋ ਮੁਨਾਫ਼ਾ ਇਸ ਧੰਦੇ ਚੋਂ ਕਮਾਉਂਦੇ ਹਨ ਉਹੀ ਮੁਨਾਫ਼ਾ ਸਰਕਾਰ ਨੂੰ ਆਮਦਨ ਦੇ ਰੂਪ ਵਿਚ ਪ੍ਰਾਪਤ ਹੋਵੇਗਾ। ਉਹ ਤਾਂ ਇਹ ਵੀ ਕਹਿ ਰਹੇ ਸਨ ਕਿ ਇਹ ਵੀ ਇਕ ਤਰ੍ਹਾਂ ਦੀ ਸਰਵਿਸ ਹੀ ਹੈ ਅਤੇ ਇਸ ਉਪਰ ਵੀ ਸੱਤ ਪ੍ਰਤੀਸ਼ਤ ਜੀ. ਐਸ. ਟੀ. ਲਗਾ ਕੇ ਸਰਕਾਰ ਬਿਨਾਂ ਕਿਸੇ ਲਾਗਤ ਦੇ ਤਕੜਾ ਮੁਨਾਫ਼ਾ ਕਮਾ ਸਕਦੀ ਹੈ।

ਪਰ ਫਿਰ ਵੀ ਮੂਸ ਸ਼ਹਿਰ ਵਿਚ ਆਣ ਵੜਿਆ ਸੀ। ਜੰਗਲ ਦਾ ਵਾਤਾਵਰਣ ਸੁੱਖ ਅਤੇ ਸ਼ਾਂਤੀ ਨਾਲ ਭਰਪੂਰ ਸੀ। ਇਥੋਂ ਦਾ ਸਾਰਾ ਪੌਣ ਪਾਣੀ ਕੁਦਰਤੀ ਸੀ ਅਤੇ ਖਾਣ ਲਈ ਹਰਾ ਕਚੂਰ ਘਾਹ ਸੀ ਜਿਸ ਉਪਰ ਕੋਈ ਵੀ ਕੈਮੀਕਲ ਨਹੀਂ ਛਿੜਕੇ ਗਏ ਸਨ। ਉਥੇ ਰਹਿੰਦਿਆਂ ਕਿਸੇ ਵੀ ਅਣਜਾਣੀ ਆਫਤ ਦਾ ਭੈਅ ਨਹੀਂ ਸੀ। ਜੰਗਲ ਦੇ ਸਾਰੇ ਜਾਨਵਰ ਇਕ ਦੂਜੇ ਪ੍ਰਤੀ ਪ੍ਰਸਪਰ ਪਿਆਰ, ਸਦਭਾਵਨਾਂ ਅਤੇ ਮਿਲਵਰਤਣ ਰੱਖਦੇ ਸਨ। ਇਥੋਂ ਤੀਕ ਕਿ ਮਾਸਾਹਾਰੀ ਜਾਨਵਰ ਵੀ ਢਿੱਡ ਭਰਨ ਤੋਂ ਵੱਧ ਸ਼ਿਕਾਰ ਨਹੀਂ ਮਾਰਦੇ ਸਨ। ਇਹ ਮਨੁੱਖ ਥੋੜ੍ਹਾ ਸਨ ਕਿ ਮਾਰਧਾੜ ਕਰਕੇ ਮਾਲ ਇਕੱਤਰ ਕਰ ਲਿਆ ਅਤੇ ਮਾਇਆ ਨਾਲ

ਤਿਜੌਰੀਆਂ ਭਰ ਲਈਆਂ! ਜੰਗਲ ਦੀ ਇਹ ਦੁਨੀਆਂ ਮੂਸ ਵਾਸਤੇ ਬਹਿਸ਼ਤ ਹੀ ਤਾਂ ਸੀ।

ਤੇ ਇਧਰ ਹੁਣ ਸੜਕਾਂ ਤੇ ਭੌਰ ਭੌਰ ਹੋਇਆ ਤੁਰਿਆ ਫਿਰਦਾ ਉਹ ਝੂਰ ਰਿਹਾ ਸੀ ਕਿ ਉਹ ਕਾਹਨੂੰ ਇਧਰ ਆਇਆ ਸੀ। ਜੰਗਲ ਅਤੇ ਦੁਨੀਆਂ ਵਿਚਕਾਰ ਕੋਈ ਸਮਝੌਤਾ ਨਹੀਂ। ਕੈਨੇਡੀਅਨ ਬਕਵਾਸ ਕਾਰਪੋਰੇਸ਼ਨ ਤੇ ਹੋਰ ਮੀਡੀਏ ਵਾਲਿਆਂ ਫਲੈਸ਼ ਮਾਰ ਮਾਰ ਕੇ ਉਸਦੀਆਂ ਅੱਖਾਂ ਅੰਨ੍ਹੀਆਂ ਕਰ ਰੱਖੀਆਂ ਸਨ। ਕਈ ਘਰਾਂ ਵਿਚ ਤਾਂ ਬੱਚਿਆਂ ਨੇ ਆਪਣੇ ਮਾਪਿਆਂ ਨੂੰ ਮੂਸ ਦਿਖਾ ਕੇ ਲਿਆਉਣ ਦੀ ਜ਼ਿਦ ਵੀ ਕੀਤੀ ਸੀ। ਇਹ ਜਾਨਵਰ ਸੀ ਹੀ ਬਹੁਤ ਮਾਸੂਮ ਅਤੇ ਭੋਲਾ ਭਾਲਾ। ਕਈ ਅਮੀਰ ਮਾਪਿਆਂ ਦੇ ਜਵਾਕ ਤਾਂ ਰਿਹਾੜ ਵੀ ਕਰਨ ਲੱਗ ਪਏ ਸਨ ਕਿ ਉਹਨਾਂ ਨੂੰ ਮੂਸ ਇਕ ਪਾਲਤੂ ਜਾਨਵਰ ਦੇ ਤੌਰ 'ਤੇ ਰੱਖਣ ਦਿਤਾ ਜਾਵੇ। ਉਹ ਬਾਹਰਲੇ ਸ਼ੈੱਡ ਵਿਚ ਮੂਸ ਦਾ ਬੈੱਡ ਬਣਾ ਦੇਣਗੇ। ਜਾਨਵਰ ਸੁਰੱਖਿਆ ਸੰਮਤੀ – ਐਨੀਮਲ ਪ੍ਰੋਟੈਕਸ਼ਨ ਏਜੰਸੀ – ਵਾਲਿਆਂ ਨੇ ਤਾਂ 'ਅਡਾਪਟ ਏ ਮੂਸ' ਵਰਗੇ ਮਾਟੋ ਵਾਲੇ ਸਪੈਸ਼ਲ ਬਟਨ ਵੀ ਤਿਆਰ ਕਰਵਾਉਣ ਦੀ ਯੋਜਨਾਂ ਬਣਾ ਲਈ ਸੀ। ਗੁਰਮੀਤ ਨੇ ਨੋਟ ਕੀਤਾ ਸੀ ਕਿ ਇਸ ਮੁਲਕ ਵਿਚ ਪਾਲਤੂ ਜਾਨਵਰ ਰੱਖਣ ਵਾਲਿਆਂ ਦੇ ਸ਼ੌਕ ਵੀ ਅਵੱਲੇ ਹਨ। ਸੱਪ, ਕਿਰਲੀਆਂ, ਮੱਛੀਆਂ, ਗਡੋਏ, ਚਿੜੀਆਂ, ਚੂਹੇ, ਡੱਡੂ, ਕੱਛੂਕੱਮੇਂ, ਖਰਗੋਸ਼, ਕੁੱਤੇ, ਬਿੱਲੀਆਂ, ਤੋਤੇ ਅਤੇ ਸੂਰ ਤੱਕ ਲੋਕਾਂ ਨੇ ਪਾਲਤੂ ਰੱਖ ਰੱਖੇ ਸਨ। ਇਕ ਬੰਦਾ ਹੀ ਰਹਿ ਗਿਆ ਜਾਪਦਾ ਸੀ ਜਿਸ ਨੂੰ ਕੋਈ ਵੀ ਪਾਲਤੂ ਰੱਖਣ ਲਈ ਤਿਆਰ ਨਹੀਂ ਸੀ। ਹਰ ਕਿਸਮ ਦੇ ਪਾਲਤੂ ਜਾਨਵਰ ਲਈ ਖਾਣਾ, ਸੰਭਾਲ ਅਤੇ ਡਾਕਟਰੀ ਇਲਾਜ ਦੇ ਢੰਗ ਤਰੀਕੇ ਵੱਖੋ ਵੱਖਰੇ ਸਨ। ਇਕ ਮਾਮੂਲੀ ਪਾਲਤੂ ਜਾਨਵਰ ਦੀ ਪਰਵਰਸ਼ 'ਤੇ ਬੰਦੇ ਨਾਲੋਂ ਵੀ ਜ਼ਿਆਦਾ ਖਰਚ ਆਉਂਦਾ ਸੀ।

ਸੜਕਾਂ 'ਤੇ ਜੀ ਭਿਆਣੇ ਤੁਰਦੇ ਫਿਰਦੇ ਮੂਸ ਨੂੰ ਜਦ ਹਾਜਤ ਹੋਈ ਤਾਂ ਟੀ. ਵੀ. ਵਾਲੇ ਕਲੋਜ਼-ਅੱਪ ਸ਼ਾਟ ਲੈਣ ਲਈ ਭੱਜ ਭੱਜ ਕੇ ਕੈਮਰੇ ਬੀੜਨ ਲੱਗੇ। ਕਈ ਤਾਂ ਦੂਰੋਂ ਹੀ ਟੈਲੀ ਲੈਨਜ਼ ਨਾਲ ਸ਼ਾਟ ਤੇ ਸ਼ਾਟ ਲੈ ਰਹੇ ਸਨ। ਉਹ ਮੂਸ ਦੇ ਮਲਮੂਤਰ ਦੀ ਬਦਬੋ ਤੋਂ ਡਰਦੇ ਮਾਰੇ ਨੱਕ ਜਿਹੇ ਘੁੱਟ ਰਹੇ ਸਨ। ਕਈ ਲੋਕ ਉਥੇ ਵਿਹਲੀ ਖੜ੍ਹੀ ਪੁਲੀਸ ਨੂੰ ਕੋਸ ਰਹੇ ਸਨ ਕਿ 'ਇਹਨੂੰ ਪਤੰਦਰ ਨੂੰ ਹੁਣ ਕੁਸ਼ ਵੀ ਨਹੀਂ ਕਹਿੰਦੇ, ਅਸੀਂ ਜੇ ਸਿਗਰਟ ਦਾ ਬੱਟ ਵੀ ਸੜਕਾਂ 'ਤੇ ਸੁੱਟੀਏ ਤਾਂ ਪੰਜ ਸੌ ਡਾਲਰ ਤੱਕ ਜੁਰਮਾਨਾ ਕਰ ਦਿੰਦੇ ਹਨ।'

ਮੂਸ ਦੇ ਮਸਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਨੂੰ ਦੇਸ਼ ਭਰ ਵਿਚ ਇਕ ਮੁਹਿੰਮ ਛੇੜਨ ਦਾ ਅਵਸਰ ਹੱਥ ਲੱਗ ਗਿਆ ਸੀ। ਜਦੋਂ ਦੀ ਇਸ ਪਾਰਟੀ ਕੋਲ ਦੇਸ ਦੀ ਹਕੂਮਤ ਆਈ ਸੀ, ਸਿਆਸੀ ਅਤੇ ਆਰਥਿਕ ਹਾਲਤ ਹੋਰ ਵੀ ਨਿੱਘਰੀ ਸੀ। ਉਂਜ ਘੱਟ ਦੂਜੀਆਂ ਪਾਰਟੀਆਂ ਵੀ ਨਹੀਂ ਸਨ। ਜਦੋਂ ਦੇਸ਼ ਦੀ ਵਾਗਡੋਰ ਉਹਨਾਂ ਕੋਲ ਸੀ ਆਪਣੇ ਨਿੱਜੀ ਮੁਫਾਦਾਂ ਖ਼ਾਤਰ ਉਹਨਾਂ ਵੀ ਬਥੇਰੀਆਂ ਧਾਂਦਲੀਆਂ ਮਚਾਈਆਂ ਸਨ। ਮੂਸ ਦੀ ਸਮੱਸਿਆ ਉਪਰ ਗੰਭੀਰਤਾ ਨਾਲ ਵਿਚਾਰ ਵਿਟਾਂਦਰਾ ਕਰਨ ਲਈ ਪ੍ਰਧਾਨ ਮੰਤਰੀ ਨੇ ਪਹਿਲੀ ਹੰਗਾਮੀ ਮੀਟਿੰਗ ਆਯੋਜਤ ਕੀਤੀ ਜਿਸ ਵਿਚ ਸਮੁੱਚੇ ਦੇਸ਼ ਦੇ ਮੁੱਖ ਮੰਤਰੀ, ਪਹਿਲੀਆਂ ਕੌਮਾਂ ਦੇ ਪ੍ਰਤੀਨਿਧ ਅਤੇ ਵਿਰੋਧੀ ਪਾਰਟੀਆਂ ਦੇ ਵਿਅਕਤੀ ਵਿਸ਼ੇਸ਼ ਸ਼ਾਮਲ ਕੀਤੇ ਗਏ। 'ਪੀਚ ਲੇਕ' ਵਿਖੇ ਹੋਈ ਇਸ ਬੰਦ ਕਮਰਾ ਮੀਟਿੰਗ ਵਿਚ ਮੀਡੀਏ ਵਾਲਿਆਂ ਨੂੰ ਵੀ ਅੰਦਰ ਜਾਣ ਦੀ ਮਨਾਹੀ ਸੀ। ਉਸ ਨੇ ਐਲਾਨ ਕੀਤਾ ਕਿ ਹੁਣ ਕੋਈ ਨਾ ਕੋਈ ਕੱਟਾ ਕੱਟੀ ਕੱਢ ਕੇ ਹੀ ਬਾਹਰ ਜਾਣ ਦਿਤਾ ਜਾਵੇਗਾ। ਸ਼ਰਤ ਇਹ ਸੀ ਕਿ ਮੂਸ ਦੇ ਮਸਲੇ ਬਾਰੇ ਲਿਆ ਗਿਆ ਫੈਸਲਾ ਸਰਬਸੰਮਤੀ ਨਾਲ ਪਾਸ ਹੋਵੇ। ਇਕ ਵੀ ਧਿਰ ਵੱਲੋਂ ਕੀਤੀ ਨਾਂਹ ਸਾਰੇ ਕੀਤੇ ਕਰਾਏ ਨੂੰ ਤਾਰਪੀਡੋ ਕਰ ਸਕਦੀ ਸੀ।

ਪਿਛਲੇ ਦੋ ਕੁ ਦਿਨਾਂ ਵਿਚ ਬਹੁ-ਸੰਮਤੀ ਮੁਖ ਮੰਤਰੀਆਂ ਨੂੰ ਪ੍ਰਧਾਨ ਮੰਤਰੀ ਨੇ ਮੂਸ ਦੇ ਮਸਲੇ ਪ੍ਰਤੀ ਅੰਦਰ ਖਾਤੇ ਆਪਣੇ ਨਾਲ ਗੰਢ ਲਿਆ ਸੀ। ਉਹ ਇਸ ਇਸ਼ੂ 'ਤੇ ਸਾਰਿਆਂ ਦੀ ਇਕ ਰਾਇ 'ਤੇ ਮੰਨ ਮਨਾਉਤੀ ਕਰਵਾ ਕੇ ਇਤਿਹਾਸਕ ਬਲਾਕ-ਬਸਟਰ ਮਾਰਕਾ ਮਾਰਨਾ ਚਾਹੁੰਦਾ ਸੀ ਅਤੇ ਪਾਰਟੀ ਦੀ ਖੁੱਸ ਰਹੀ ਲੋਕ-ਪ੍ਰਿਯਤਾ ਨੂੰ ਦੁਬਾਰਾ ਕਾਇਮ ਕਰਕੇ ਇਲੈਕਸ਼ਨ ਜਿੱਤਣੀ ਚਾਹੁੰਦਾ ਸੀ। ਦੋ ਦਿਨ ਅਤੇ ਦੋ ਰਾਤਾਂ ਇਹ ਮੀਟਿੰਗ ਚੱਲਦੀ ਰਹੀ। ਗੁਰਮੀਤ ਸੋਚ ਰਿਹਾ ਸੀ ਕਿ ਭਾਰਤ ਵਿਚ ਕਿਤੇ ਅਜੇਹੀ ਬੰਦ ਕਮਰਾ ਮੀਟਿੰਗ ਹੋਈ ਹੁੰਦੀ ਅਤੇ ਸਰਕਾਰ ਅਤੇ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੂੰ ਇਕ ਥਾਂ 'ਤੇ ਇਨ੍ਹੇ ਦਿਨ ਇਕੱਠਿਆਂ ਰੱਖਿਆ ਗਿਆ ਹੁੰਦਾ ਤਾਂ ਬਾਹਰ ਨਿਕਲਣ ਵੇਲੇ ਉਹਨਾਂ ਦੇ ਲੀੜੇ ਪਾਟੇ ਹੋਣੇ ਸਨ, ਕਈਆਂ ਦੀਆਂ ਬਾਹਵਾਂ ਗਲ ਨੂੰ ਆਈਆਂ ਹੋਣੀਆਂ ਸਨ ਅਤੇ ਹੁਲੀਏ ਵਿਗੜੇ ਹੋਣੇ ਸਨ!

ਦੋ ਦਿਨ ਅਤੇ ਦੋ ਰਾਤਾਂ ਪਿੱਛੋਂ ਵੀ ਗੱਲ ਕਿਸੇ ਸਿਰੇ ਨਾ ਲੱਗੀ। ਕੈਨੇਡਾ ਦੇ ਸਭ ਤੋਂ ਵੱਡੇ ਸੂਬੇ ਅਤੇ ਪਹਿਲੀਆਂ ਕੌਮਾਂ ਦੇ ਨੁਮਾਇੰਦਿਆਂ ਨੇ ਇਸ ਦੇ ਪੱਖ ਵਿਚ ਮੱਤ ਪਾਉਣ ਤੋਂ ਇਨਕਾਰ ਕਰ ਦਿਤਾ। ਉਹਨਾਂ ਦਾ ਇਤਰਾਜ਼ ਸੀ ਕਿ ਇਹੋ ਜਿਹਾ ਸਮਝੌਤਾ ਉਹਨਾਂ ਲੋਕਾਂ ਨੂੰ ਬਿਲਕੁਲ ਨਿਹੱਥੇ ਕਰ ਦੇਵੇਗਾ, ਖਾਹਮਖਾਹ ਉਹ ਹੱਥ ਵਢਾਉਣ ਨੂੰ ਤਿਆਰ ਨਹੀਂ ਸਨ। ਇਸ ਤਰ੍ਹਾਂ 'ਪੀਚ ਲੇਕ ਅਕੋਰਡ' ਠੁੱਸ ਹੋ ਗਿਆ ਸੀ। ਮੀਡੀਏ ਵਾਲੇ ਮੂਸ ਦੇ ਮਸਲੇ ਨੂੰ ਪੂਰਾ ਤੂਲ ਦੇ ਰਹੇ ਸਨ। ਪ੍ਰਧਾਨ ਮੰਤਰੀ ਹਰ ਕੀਮਤ 'ਤੇ ਮੂਸ ਬਾਰੇ ਫੈਸਲਾ ਆਪਣੀ ਪਾਰਟੀ ਦੇ ਪੱਖ ਵਿਚ ਕਰਵਾਉਣਾ ਚਾਹੁੰਦਾ ਸੀ। ਉਹਨੇ ਤਾਂ ਅਗਲੇ ਦਿਨ ਰਾਜਧਾਨੀ ਵਿਚ ਕੀਤੇ ਡਿਨਰ ਭਾਸ਼ਨ ਵਿਚ ਇਥੋਂ ਤੀਕ ਕਹਿ ਦਿੱਤਾ ਸੀ ਕਿ ਜੇਕਰ ਮੂਸ ਬਾਰੇ ਸਾਰੀਆਂ ਧਿਰਾਂ ਦੀ ਵੋਟ ਹਾਂ ਵਿਚ ਨਾ ਪਈ ਤਾਂ ਦੇਸ਼ ਦੀ ਅਖੰਡਤਾ ਖ਼ਤਰੇ ਵਿਚ ਪੈ ਜਾਵੇਗੀ।

ਭੁੱਖੇ ਭਾਣੇ ਮੂਸ ਨੂੰ ਸ਼ਹਿਰ ਵਿਚ ਘੁੰਮਦਿਆਂ ਹੁਣ ਸੱਤ ਦਿਨ ਬੀਤ ਚੁੱਕੇ ਸਨ। ਭੁੱਖ ਨਾਲ ਉਸਦੀਆਂ ਆਂਦਰਾਂ ਅੰਦਰ ਨੂੰ ਧਸ ਗਈਆਂ ਸਨ ਤੇ ਅੱਖਾਂ ਦੀ ਚਮਕ ਮੱਧਮ ਪੈ ਗਈ ਸੀ। ਪਹਿਲਾਂ ਵਾਂਗ ਉਹ ਹੁਣ ਟਪੂੰ ਟਪੂੰ ਕਰਨ ਜੋਗਾ ਨਹੀਂ ਸੀ ਰਿਹਾ।

ਅਗਲੀ ਸਵੇਰ ਅਚਾਨਕ ਹੀ ਅਖ਼ਬਾਰ ਬਲੈਕ ਮੇਲ ਵਿਚ ਮੁੱਖ ਪੰਨੇ 'ਤੇ ਖ਼ਬਰ ਲੱਗੀ ਕਿ ਇੰਗਲੈਂਡ ਦੇ ਸ਼ਾਹੀ ਘਰਾਣੇ ਦੇ ਪ੍ਰਿੰਸ ਚਾਰਲਸ ਅਤੇ ਉਸਦੀ ਪਤਨੀ ਡੀਆਨਾਂ ਦਾ ਤਲਾਕ ਹੋਣ ਵਾਲਾ ਹੈ। ਲੇਡੀ ਡੀਆਨਾਂ ਨੇ ਤਲਾਕ ਲਈ ਅਰਜ਼ੀ ਦੇ ਦਿੱਤੀ ਸੀ। ਦੋਹਾਂ ਬੱਚਿਆਂ ਬਾਰੇ ਫੈਸਲਾ ਸ਼ਾਹੀ ਅਦਾਲਤ ਕਰੇਗੀ ਕਿ ਉਹ ਆਪਣੇ ਬਾਪ ਦੀ ਪਰਵਰਸ਼ ਵਿਚ ਰਹਿਣਗੇ ਜਾਂ ਮਾਤਾ ਦੀ। ਕੈਨੇਡੀਅਨ ਬਕਵਾਸ ਕਾਰਪੋਰੇਸ਼ਨ ਦੇ ਬਰਤਾਨਵੀ ਨੁਮਾਇੰਦੇ ਨੇ ਦਸਿਆ ਕਿ ਤਲਾਕ ਹੋਣ 'ਤੇ ਲੇਡੀ ਡੀਆਨਾਂ ਨੂੰ ਚਾਲੀ ਮਿਲੀਅਨ ਪੌਂਡ ਮਿਲਣੇ ਸਨ।

ਰੇਡੀਓ, ਟੀ. ਵੀ., ਅਖ਼ਬਾਰਾਂ ਰਸਾਲਿਆਂ ਅਤੇ ਲੋਕਾਂ ਵਿਚ ਹੁਣ ਸਿਰਫ਼ ਇਹ ਹੀ ਖ਼ਬਰ ਸੀ। ਸਾਰੇ ਹੀ ਆਪੋ ਆਪਣੀ ਪਹੁੰਚ ਅਨੁਸਾਰ ਮਸਾਲੇਦਾਰ ਖ਼ਬਰਾਂ ਬਣਾ ਅਤੇ ਸੁਣਾ ਰਹੇ ਸਨ। ਲੇਡੀ ਡੀਆਨਾਂ ਦੇ ਕਥਿੱਤ ਨਾਜਾਇਜ਼ ਸਬੰਧਾਂ ਬਾਰੇ ਸਾਰੇ ਹੀ ਸੁਆਦ ਲੈ ਰਹੇ ਸਨ। ਅਸਲ ਵਿਚ ਮੀਡੀਏ ਵਾਲੇ ਤਾਂ ਉਹਨਾਂ ਦੇ ਵਿਆਹ ਵੇਲੇ ਤੋਂ ਹੀ ਸੁੰਘਦੇ ਫਿਰਦੇ ਸਨ। ਕਈ ਮਨਚਲੇ ਤਾਂ ਮਨ ਵਿਚ ਇਹ ਵੀ ਕਲਪਨਾਂ ਕਰ ਰਹੇ ਸਨ ਕਿ ਕਾਸ਼ ਲੇਡੀ ਡੀਆਨਾਂ ਦੇ ਇਹ ਨਾਜਾਇਜ਼ ਸਬੰਧ ਉਹਨਾਂ ਨਾਲ ਹੋਏ ਹੁੰਦੇ!

ਪ੍ਰਧਾਨ ਮੰਤਰੀ, ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰਾਂ ਦੀ ਜਾਨ ਵਿਚ ਜਾਨ ਆਈ ਸੀ ਕਿ ਹੁਣ ਲੋਕ ਸਿਰਫ਼ ਲੇਡੀ ਡੀਆਨਾਂ ਅਤੇ ਪ੍ਰਿੰਸ ਚਾਰਲਸ ਬਾਰੇ ਹੀ ਸੋਚ ਰਹੇ ਸਨ। ਮੂਸ ਦੇ ਮਸਲੇ ਬਾਰੇ ਇਕ ਵਾਰ ਉਹ ਨਿਸ਼ਚਿੰਤ ਹੋ ਗਏ ਸਨ। ❑

●○●○●○●○

ਟਰਾਂਟੋ ਦਾ ਚੌਥਾ ਸਾਲਾਨਾ ਪੰਜਾਬੀ ਸਭਿਆਚਾਰਕ ਮੇਲਾ

10 ਅਕਤੂਬਰ, 1993 ਦਿਨ ਐਤਵਾਰ 2P.M. to 12 midnight

at West Humber Collegiate Institute

1675 Martin Grove, Rd. Etobicoke, Ontario

(1 block South of Finch Ave. west)

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਮੇਲੇ ਵਿਚ ਕਵੀ ਦਰਬਾਰ, ਗੀਤ ਸੰਗੀਤ, ਡਰਾਮਾ, ਫੈਸ਼ਨ ਸ਼ੋਅ, ਗਿੱਧਾ, ਭੰਗੜਾ, ਮਿਕਸ ਭੰਗੜਾ ਅਤੇ ਡਾਂਸ ਕਨਟੈਸਟ (ਨਾਚ ਦਾ ਮੁਕਾਬਲਾ) ਪੇਸ਼ ਕੀਤਾ ਜਾਵੇਗਾ।

ਜੇਤੂ ਵਿਅਕਤੀ ਨੂੰ ਵੈਨਕੂਵਰ, ਬੀ.ਸੀ. ਜਾਂ ਲੰਡਨ (ਯੂ.ਕੇ) ਦੀ ਰੀਟਰਨ ਏਅਰ ਟਿਕਟ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਲਈ ਫੋਨ ਕਰੋ: ਰਵਿੰਦਰ ਗਿੱਲ (416) 242–9397

(Keep Tunning into Bhangra Bass on Saturday Mornings on Vision TV Toronto & Quebec - 11 am, Vancouver 8 am, Calgary & Edmonton 9 am, Winnepeg 10 am, New Brunswick & New Foundland -12 pm, Nova Scotia - 12:30 pm.)

SHAN - E - DARBAR

INDIAN CUISINE, L.L.B.O.

Dine in and take out

We cater to all kinds of parties.
call Harpal Sandhu at
(416)741-7406

Specialize in Fish Pakora,
Chilly Chicken

2644 Islington Ave.,
Rexdale Ontario, M9V 2X5

Opening very soon, second location at
7166 Airport Rad. Malton, Ontario

CROWN TRAVEL

ਹਵਾਈ ਟਿਕਟਾਂ ਦੀ ਅਸੀ ਤੁਹਾਡੀ ਹਰ ਤਰ੍ਹਾਂ ਦੀ ਸੇਵਾ ਕਰ ਸਕਦੇ ਹਾਂ।

ਅਸੀਂ ਆਪਣੇ ਦਫਤਰ ਵਿਚ ਲੱਗੇ ਕੰਪਿਊਟਰ
ਉਪਰ ਹੀ ਤੁਹਾਡੀਆਂ ਹਰ ਪ੍ਰਕਾਰ ਦੀਆਂ
ਟਿਕਟਾਂ ਬੁੱਕ ਕਰ ਸਕਦੇ ਹਾਂ।

Phone: (416) 246-9100
1379 Weston Road,
Toronto, Ontario

ਪੰਜਾਬੀ ਸਾਹਿਤ ਵਿਚ ਇਨਾਮਾਂ ਦਾ ਰੋਲ

ਜੋਗਿੰਦਰ ਸ਼ਮਸ਼ੇਰ

(ਇਹ ਪਰਚਾ ਜੁਲਾਈ 10 ਤੇ 11, 1993 ਨੂੰ ਵਿਨੀਪੈਗ ਵਿਚ ਹੋਈ ਉਤਰੀ ਅਮਰੀਕਨ ਪੰਜਾਬੀ ਸਾਹਿਤਕ ਕਾਨਫਰੰਸ ਵਿਚ ਪੜ੍ਹਿਆ ਤੇ ਵਿਚਾਰਿਆ ਗਿਆ)

ਪੰਜਾਬੀ ਦੇ ਸਾਹਿਤਕ ਜਗਤ ਵਿਚ ਅੱਜ ਕਲ ਐਵਾਰਡਾਂ ਬਾਰੇ ਬੜੀ ਚਰਚਾ ਹੈ। ਕਈ ਵਾਰੀ ਜਦ ਕੋਈ ਅਣਗੌਲਿਆ ਵਿਅਕਤੀ ਅਚਾਨਕ ਹੀ ਐਵਾਰਡ ਲੈ ਕੇ ਪਰਗਟ ਹੁੰਦਾ ਹੈ, ਤਾਂ ਐਵਾਰਡ ਦੇਣ ਵਾਲਿਆਂ ਦੇ ਕਰਿਸ਼ਮੇ ਤੇ ਬੜੀ ਹੈਰਾਨੀ ਹੁੰਦੀ ਹੈ, ਅਤੇ ਉਹਨਾਂ ਦੀ ਨੀਅਤ ਉਤੇ ਸ਼ੱਕ। ਅਤੇ ਜਦੋਂ ਇਹ ਐਵਾਰਡ ਕਿਸੇ ਦੀ ਰਚਨਾ ਨੂੰ ਬਿਨਾਂ ਵਾਚਣ ਦੇ ਦਿੱਤਾ ਜਾਂਦਾ ਹੈ, ਤਾਂ ਉਸ ਹੈਰਾਨੀ ਵਿਚ ਹੋਰ ਵੀ ਵਾਧਾ ਹੁੰਦਾ ਹੈ ਅਤੇ ਇਹੀ ਹੈਰਾਨੀ ਐਵਾਰਡਾਂ ਦੇ ਰੋਲ ਉਤੇ ਵਿਚਾਰ ਕਰਨ ਲਈ ਪ੍ਰੇਰਦੀ ਹੈ।

ਮੇਰੇ ਵਿਚਾਰ ਅਨੁਸਾਰ ਐਵਾਰਡ ਦੇਣ ਦਾ ਮੰਤਵ ਕਿਸੇ ਵਿਸ਼ੇਸ਼ ਵਿਅਕਤੀ ਦੀ ਯੋਗਤਾ ਦਾ ਪਰਗਟ ਰੂਪ ਵਿਚ ਮੁੱਲ ਪਾਉਣਾ ਹੈ। ਇਹ ਐਵਾਰਡ ਲੈਣ ਵਾਲੇ ਦੀ ਮਾਨਸਿਕ ਤੌਰ ਤੇ ਸੰਤੁਸ਼ਟਤਾ ਕਰਨ ਵਿਚ ਸਹਾਇਤਾ ਕਰਦਾ ਹੈ ਕਿ ਵਾਕਈ ਉਸ ਵਲੋਂ ਕੀਤਾ ਜਾ ਰਿਹਾ ਕਾਰਜ ਉੱਚ ਪਾਏ ਦਾ ਹੈ। ਇਹ ਉਸ ਪਿੜ ਵਿਚਲੇ ਦੂਸਰੇ ਲੋਕਾਂ ਨੂੰ ਆਪਣੇ ਕਾਰਜ ਵਿਚ ਹੋਰ ਤੇਜ਼ੀ ਅਤੇ ਪਰਪੱਕਤਾ ਲਿਆਉਣ ਲਈ ਵੀ ਪ੍ਰੇਰਦਾ ਹੈ ਅਤੇ ਸਿਰਜਣਾਤਮਕ ਟਾਕਰੇ ਦੀ ਰੁਚੀ ਉਤਪਨ ਕਰਦਾ ਹੈ।

ਐਵਾਰਡ ਦੇਣ ਲੈਣ ਦੀ ਪ੍ਰਥਾ ਕੋਈ ਨਵੀਂ ਨਹੀਂ। ਪ੍ਰਾਚੀਨ ਕਾਲ ਤੋਂ ਇਹ ਪ੍ਰੰਪਰਾ ਤੁਰੀ ਚੱਲੀ ਆ ਰਹੀ ਹੈ। 'ਰਾਮਾਇਣ' ਦੇ ਕਰਤਾ ਬਾਲਮੀਕ ਨੂੰ ਮਹਾਰਿਸ਼ੀ ਬਾਲਮੀਕ ਜੀ ਕਹਿਣਾ, ਕਾਲੀਦਾਸ ਨੂੰ ਮਹਾਂ ਕਵੀ ਕਾਲੀਦਾਸ ਜੀ ਕਹਿਣਾ ਉਹਨਾਂ ਦੀ ਪ੍ਰਤਿਭਾ ਦੇ ਐਵਾਰਡ ਸਨ। ਵਿਦਵਾਨਾਂ, ਚਿੰਤਕਾਂ ਅਤੇ ਇਤਿਹਾਸਕਾਰਾਂ ਨੂੰ ਸਦਾ ਸਨਮਾਨ ਮਿਲਦਾ ਰਿਹਾ ਹੈ। ਮੁਗ਼ਲ ਸਮਰਾਟ ਅਕਬਰ ਦੇ ਦਰਬਾਰ ਵਿਚ ਨੌਂ ਰਤਨਾਂ ਦੀ ਕਦਰ ਬਹਾਦਰ ਸ਼ਾਹ ਜ਼ਫਰ ਵਲੋਂ ਜ਼ੌਕ ਦੀ ਇੱਜ਼ਤ, ਨਵਾਬ ਰਾਮਪੁਰ ਵਲੋਂ ਮਿਰਜ਼ਾ ਗ਼ਾਲਿਬ ਨੂੰ ਵਜ਼ੀਫਾ, ਰਾਜਾ ਕੈਥਲ ਵਲੋਂ ਭਾਈ ਸੰਤੋਖ ਸਿੰਘ ਦਾ ਮਾਣ ਸਤਿਕਾਰ ਇਸੇ ਸਿਲਸਿਲੇ ਦੀਆਂ ਕੁਝ ਕੜੀਆਂ ਹਨ।

ਰਾਜ ਪ੍ਰਬੰਧ ਦੀ ਰੂਪ ਰੇਖਾ ਬਦਲਨ ਨਾਲ ਐਵਾਰਡਾਂ ਦੇ ਰੂਪ ਵੀ ਬਦਲ ਗਏ ਹਨ। ਇਹ ਐਵਾਰਡ ਨੋਬਲ ਪਰਾਈਜ਼ ਦੀ ਸ਼ਕਲ ਵਿਚ ਵੀ ਹੋ ਸਕਦਾ ਹੈ ਅਤੇ ਢੁੱਡੀਕੇ ਟਰਸਟ ਵਲੋਂ ਦਿੱਤੇ ਜਾਣ ਵਾਲੇ ਐਵਾਰਡ ਦੀ ਸ਼ਕਲ ਵਿਚ ਵੀ। ਅਰਥਾਤ ਅੰਤਰ ਰਾਸ਼ਟਰੀ ਮਹੱਤਤਾ ਰੱਖਣ ਵਾਲੇ ਐਵਾਰਡ ਤੋਂ ਲੈ ਕੇ ਸਾਧਾਰਨ ਪੱਧਰ ਦੇ ਐਵਾਰਡਾਂ ਤੀਕਰ। ਪਰ ਹਰ ਪੱਧਰ ਤੇ ਇਸ ਵਿਚ ਦੇਖਣ ਵਾਲੀ ਗਲ ਸਿਰਫ ਇਹ ਹੁੰਦੀ ਹੈ ਕਿ ਐਵਾਰਡ ਦੇਣ ਵਾਲੇ ਕੌਣ ਹਨ ਅਤੇ ਇਸ ਐਵਾਰਡ ਦੀ ਕਾਇਮੀ ਪਿੱਛੇ ਉਹਨਾਂ ਦਾ ਮੰਤਵ ਕੀ ਹੈ? ਐਵਾਰਡ ਲੈਣ ਵਾਲਾ ਕੌਣ ਹੈ ਅਤੇ ਉਸਦੀ ਦੇਣ ਕੀ ਹੈ? ਐਵਾਰਡ ਲੈਣ ਵਾਲੇ ਦੀ ਚੋਣ ਕਿਵੇਂ ਹੁੰਦੀ ਹੈ। ਕੀ ਐਵਾਰਡ ਦੇਣ ਵਾਲਿਆਂ ਦਾ ਨਿਰਣਾ ਠੀਕ ਹੈ? ਕੀ ਉਸ ਖੇਤਰ ਵਿਚ ਵਿਚਰਨ ਵਾਲਿਆਂ ਦੀ ਬਹੁ ਗਿਣਤੀ ਉਹਨਾਂ ਦੇ ਨਿਰਨੇ ਤੋਂ ਸੰਤੁਸ਼ਟ ਹੈ?

ਕੁੱਝ ਖ਼ੇਤਰ ਅਜਿਹੇ ਹਨ ਜਿੱਥੇ ਐਵਾਰਡ ਲੈਣ ਵਾਲੇ ਦੀ ਯੋਗਤਾ ਪਰਤੱਖ ਹੁੰਦੀ ਹੈ ਜਿਵੇਂ ਵਿਗਿਆਨ ਦੇ ਖ਼ੇਤਰ ਵਿਚ ਜਾਂ ਖੇਡਾਂ ਦੇ ਮੈਦਾਨ ਵਿਚ। ਜਿਥੇ ਪ੍ਰਾਪਤੀ ਠੋਸ ਰੂਪ ਵਿਚ ਦਿਸਦੀ ਹੁੰਦੀ ਹੈ। ਸ਼ਾਸਤਰੀਆ ਸੰਗੀਤ ਅਤੇ ਨਰਿਤ ਵਿਚ ਵੀ ਕੁਝ ਨਿਯਮਾਂ ਦਾ ਪਾਲਣ ਕਰਨਾ ਹੁੰਦਾ ਹੈ ਪਰ ਕਈ ਖੇਤਰ ਅਜਿਹੇ ਹਨ ਜਿਥੇ ਨਿਰਣਿਆਂ ਉਤੇ ਕਿੰਤੂ ਕਰਨ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਸਾਹਿਤ ਨੂੰ ਇਸ ਖੇਤਰ ਵਿਚ ਰੱਖਿਆ ਜਾ ਸਕਦਾ ਹੈ ਅਤੇ ਸੁੰਦਰਤਾ ਦੇ ਮੁਕਾਬਲਿਆਂ ਨੂੰ ਵੀ।

ਸਾਮੰਤ ਸ਼ਾਹੀ ਦੌਰ ਵਿਚ ਯੋਗਤਾ ਦਾ ਮੁੱਲ ਪਾਉਣ ਵਾਲਾ ਇਕੋ ਵਿਅਕਤੀ ਹੁੰਦਾ ਸੀ। 'ਸੋਈ ਸੁਹਾਗਣ ਜੋ ਪੀਆ ਮਨ ਭਾਵੇ' ਵਾਲੀ ਗੱਲ ਸੀ। ਹੁਣ ਵਿਅਕਤੀ ਵੀ ਹੋ ਸਕਦਾ ਹੈ ਅਤੇ ਕੋਈ ਸੰਸਥਾ ਵੀ। ਸਰਕਾਰ ਦੌਲਤ ਮਦਾਰ ਵੀ ਹੋ ਸਕਦੀ ਹੈ ਅਤੇ ਹਰਾਮ ਦੀ ਜਾਂ ਹਲਾਲ ਦੀ ਕਮਾਈ ਵਾਲਾ ਧਨਾਡ ਅਦਾਰਾ ਵੀ ਜਿਸਦੀ ਇਨਕਮ ਟੈਕਸ ਦੀ ਛੋਟ ਇਸ ਵਿਚ ਸਹਾਈ ਹੋਵੇ। ਪਰ ਲਾਜ਼ਮੀ ਤੌਰ ਤੇ ਇਹ ਐਵਾਰਡ ਉਹ ਉਹਨਾਂ ਸਰੇਸ਼ਟ ਪੁਰਸ਼ਾਂ ਨੂੰ ਹੀ ਦੇਣਗੇ ਜੋ ਉਹਨਾਂ ਦੇ ਦ੍ਰਿਸ਼ਟੀਕੋਨ ਦੇ ਸਮੱਰਥੱਕ ਹੋਣ ਅਤੇ ਉਹਨਾਂ ਦੀਆਂ ਖ਼ਾਹਸ਼ਾਂ ਅਨੁਸਾਰ ਪੂਰੇ ਉਤਰਦੇ ਹੋਣ। ਪੈਨਲ, ਜੱਜ ਅਤੇ ਫੈਸਲਾ ਲੈਣ ਵਾਲੇ ਸਭ ਇਹੀ ਦੇਖਦੇ ਹਨ।

ਇਹ ਸੰਸਾਰ ਜਿਥੇ ਵਿਚਾਰਾਂ ਅਤੇ ਹਿਤਾਂ ਦੀ ਠੰਡੀ ਅਤੇ ਤੱਤੀ ਜੰਗ ਲੜੀ ਜਾ ਰਹੀ ਹੈ। ਕੋਈ ਅਜਿਹਾ ਵਿਅਕਤੀ ਜਾਂ ਸੰਸਥਾ ਨਹੀ ਜੋ ਇਹਨਾਂ ਤੋਂ ਪ੍ਰਭਾਵਤ ਨਹੀਂ। ਇਸ ਲਈ ਐਵਾਰਡ ਬਾਰੇ ਸਹਿਮਤੀ ਅਸਹਿਮਤੀ ਦੀ ਸੰਭਾਵਨਾ ਕਾਇਮ ਰਹਿੰਦੀ ਹੈ। ਵਿਚਾਰਾਂ ਤੇ ਹਿਤਾਂ ਦੀਆਂ ਵਿਰੋਧਤਾਈਆਂ ਨੇ ਵੱਖ ਵੱਖ ਐਵਾਰਡਾਂ ਨੂੰ ਜਨਮ ਦਿੱਤਾ ਹੈ।

ਨੋਬਲ ਪ੍ਰਾਈਜ਼ ਨੂੰ ਸੰਸਾਰ ਦਾ ਸਭ ਤੋਂ ਉੱਚਾ ਇਨਾਮ ਖ਼ਿਆਲ ਕੀਤਾ ਜਾਂਦਾ ਹੈ। ਫ਼ੈਜ਼ ਅਹਿਮਦ ਫ਼ੈਜ਼ ਸਾਹਿਬ ਨੇ ਇਕ ਖ਼ੱਤ ਵਿਚ ਇਕ ਵਾਰ ਲਿਖਿਆ: ਨੋਬਲ ਪਰਾਈਜ਼ ਦੀਆਂ ਖ਼ਬਰਾਂ ਲੰਡਨ ਤੋਂ ਵੀ ਆਈਆਂ ਸਨ। ਇਹ ਸਨਮਾਣ ਤਾਂ ਸਾਨੂੰ ਕੌਣ ਦੇਵੇਗਾ। ਕਿਸੇ ਮਿਹਰਬਾਨ ਨੇ ਸਾਡਾ ਨਾਮ ਵੀ ਉਮੀਦਵਾਰਾਂ ਵਿਚ ਲਿਖਵਾ ਦਿੱਤਾ ਹੋਵੇਗਾ। ਇਨੀ ਮਹਾਨਤਾ ਵਾਲਾ ਇਨਾਮ ਵੀ ਕਈ ਵਾਰ ਵਾਦ ਵਿਵਾਦ ਦਾ ਵਿਸ਼ਾ ਬਣਿਆ ਹੈ। ਲੈਨਿਨ ਅਮਨ ਇਨਾਮ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਜਿੱਥੇ ਇਨਾਮ ਦੇਣ ਵਾਲੀਆਂ ਸੰਸਥਾਵਾਂ ਚੇਤਨ ਸਨ, ਉਹ ਕੀ ਕਰ ਰਹੀਆਂ ਹਨ। ਇਹ ਇਨਾਮ ਠੰਡੀ ਜੰਗ ਦਾ ਭਾਗ ਬਣੇ ਰਹੇ ਹਨ। 'ਵਿਸ਼ਵ ਸੁੰਦਰੀ' ਦੀ ਚੋਣ ਵੇਲੇ ਵੀ ਕਈ ਮੁਕਾਬਲਿਆਂ ਦੇ ਨਿਰਣੇ ਵਪਾਰਕ ਹਿੱਤਾਂ ਦੇ ਅਧੀਨ ਹੁੰਦੇ ਹਨ।

ਪੁਰਾਣੇ ਸਮੇਂ ਵਿਚ ਭੱਟ ਤੇ ਮਿਰਾਸੀ ਸਰਦਾਰਾਂ ਦੀ ਸ਼ਾਨ ਵਿਚ ਕਸੀਦੇ ਪੜ੍ਹਦੇ ਸਨ, ਵਾਰਾਂ ਗਾਉਂਦੇ ਸਨ, ਜਾਗੀਰਾਂ ਹਾਸਲ ਕਰਦੇ ਸਨ, ਪਿੰਡ ਤੇ ਖ਼ੂਹ ਇਨਾਮ ਪਾਉਂਦੇ ਸਨ। ਮਹਾਰਾਜ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਜਿੱਥੇ ਫੌਜੀ ਸਰਦਾਰਾਂ ਨੂੰ ਜਾਗੀਰਾਂ ਅਤੇ 'ਸਰਦਾਰ ਬਾ ਵਕਾਰ' 'ਕੈਸਰ ਉਲ ਇਕਤਦਾਰ, 'ਨਿਰਮਲ ਬੁੱਧ ਅਤੇ ਉਜੱਲ ਦੀਦਾਰ ਦੇ ਖ਼ਿਤਾਬ ਮਿਲਦੇ ਰਹੇ। ਕਵੀ ਹਾਸ਼ਮ ਅਤੇ ਚਿਤਰ ਕਾਰ ਕਿੰਕੇ ਨੂੰ ਵੀ ਜਾਗੀਰਾਂ ਮਿਲੀਆਂ।

ਅੰਗ੍ਰੇਜ਼ੀ ਰਾਜ ਵਿਚ ਵੀ ਸ਼ਾਇਰਾਂ, ਅਦੀਬਾਂ ਨੂੰ ਐਵਾਰਡ ਦੇਣ ਦਾ ਸਿਲਸਿਲਾ ਜਾਰੀ ਰਿਹਾ। ਟੈਗੋਰ ਅਤੇ ਇਕਬਾਲ ਨੂੰ ਸਰ ਦੇ ਖ਼ਿਤਾਬ ਮਿਲੇ। ਅਤਰ ਸਿੰਘ ਭਦੌੜ ਨੂੰ ਸਰ ਦੇ ਨਾਲ ਮਹਾਂ ਮੁੱਖ ਉਪਾਧਿਆਏ ਦਾ। ਇਕ ਹੋਰ ਪਰਮਾਰਥ ਵਿਦਿਆ, ਫਿਲਾਸਫੀ ਅਤੇ ਹਿੰਦੂ ਸੰਗੀਤ ਦੇ ਮਾਹਰ, ਅਤੇ ਐਡਵਰਡ ਸਤਵੇਂ ਦੀ ਤਾਜਪੋਸ਼ੀ ਤੇ ਕਵਿਤਾ ਲਿਖਣ ਵਾਲੇ ਕਵੀ ਦਿਲਜੀਤ ਸਿੰਘ ਨੂੰ ਵੀ ਸਰ ਦਾ ਖ਼ਿਤਾਬ ਮਿਲਿਆ। ਹਫੀਜ਼ ਜਾਲੰਧਰੀ ਨੂੰ ਖਾਂ ਸਾਹਿਬ, ਅਬਦੁਲ ਰਹਿਮਾਨ ਚੁਗ਼ਤਾਈ ਨੂੰ ਖ਼ਾਨ ਬਹਾਦਰ ਮੁਹੰਮਦ ਹੁਸੈਨ ਆਜ਼ਾਦ ਨੂੰ 'ਸ਼ਮਸ਼ ਉਲਮਾ'

ਕਾਹਨ ਸਿੰਘ ਨਾਭਾ ਅਤੇ ਵੀਰ ਸਿੰਘ ਨੂੰ ਭਾਈ ਸਾਹਿਬ ਭਾਈ ਅਤੇ ਚਰਨ ਸਿੰਘ ਸ਼ਹੀਦ ਨੂੰ ਸਰਦਾਰ ਸਾਹਿਬ ਦੇ ਖ਼ਿਤਾਬ ਦਿੱਤੇ ਗਏ।

1947 ਤੋਂ ਪਿਛੋਂ ਨਵੀਂ ਪ੍ਰਣਾਲੀ ਸਥਾਪਤ ਕੀਤੀ ਗਈ। ਖ਼ਿਤਾਬ ਦੇਣ ਦੇ ਨਾਲ ਨਾਲ ਅਕਾਦਮੀ ਐਵਾਰਡ ਦੇਣ ਦਾ ਸਿਲਸਿਲਾ ਵੀ ਕਾਇਮ ਕੀਤਾ ਗਿਆ। ਜਿੱਥੇ ਅਨੇਕਾਂ ਲਿਖਾਰੀ ਅਤੇ ਹੋਰ ਕੋਮਲ ਕਲਾਵਾਂ ਦੇ ਮਾਹਰ 'ਪੱਦਮ ਸ਼੍ਰੀ ਅਤੇ ਪਦਮ ਭੂਸ਼ਨ ਬਣੇ ਉਥੇ ਅਕਾਦਮੀ ਐਵਾਰਡ ਦੀ ਪਰਾਪਤੀ ਵੀ ਇਕ ਗੌਰਵ ਸਮਝੀ ਜਾਣ ਲਗ ਪਈ।

ਸਾਹਿਤ ਅਕਾਦਮੀ ਦਾ ਐਵਾਰਡ ਇਕ ਅਜਿਹਾ ਐਵਾਰਡ ਹੈ ਜਿਸ ਵੱਲ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਦੇ ਲਿਖਾਰੀਆਂ ਦੀ ਨਿਗਾਹ ਕੇਂਦ੍ਰਿਤ ਰਹਿੰਦੀ ਹੈ। ਪੰਜਾਬੀ ਦੇ ਸਾਹਿਤਕਾਰ ਵੀ ਇਹਨਾਂ ਵਿਚ ਸ਼ਾਮਲ ਹਨ। ਇਸ ਨਾਲ ਬੱਝੀ ਪਰਤਿਸ਼ਠਤਾ, ਅਤੇ ਧਨ ਰਾਸ਼ੀ ਸਭ ਨੂੰ ਆਕਰਸ਼ਿਤ ਕਰਦੀ ਹੈ ਪਰ ਬਦਕਿਸਮਤੀ ਨਾਲ ਇਹ ਅਕਾਦਮੀ ਵੀ ਭਰਿਸ਼ਟਾਚਾਰ, ਮੁਲਾਹਜ਼ੇਦਾਰੀ, ਪੱਖ ਬਾਜ਼ੀ ਅਤੇ ਗ਼ਲਤ ਨਿਰਣਿਆਂ ਕਾਰਨ ਆਪਣੀ ਮਹਤੱਤਾ ਘਟਾਈ ਜਾ ਰਹੀ ਹੈ। ਸਿਆਸੀ ਦਖ਼ਲ-ਅੰਦਾਜ਼ੀ ਨੇ ਇਸਨੂੰ ਹੋਰ ਵੀ ਹਾਨੀ ਪਹੁੰਚਾਈ ਹੈ। ਲੇਖਕਾਂ ਵਿਚ ਵੀ ਇਸ ਐਵਾਰਡ ਦੀ ਭੁੱਖ ਵਧੀ ਹੈ। ਜਾਇਜ਼ ਨਾਜਾਇਜ਼ ਪਹੁੰਚ, ਚਾਪਲੂਸੀ ਅਤੇ ਸਾਜਸ਼ੀ ਸੁਭਾ ਦੇ ਵਿਕਾਸ ਨਾਲ ਉਹਨਾਂ ਦਾ ਨੈਤਿਕ ਪਤਨ ਹੋ ਰਿਹਾ ਹੈ। ਅਯੋਗ ਵਿਅਕਤੀਆਂ ਨੂੰ ਐਵਾਰਡ ਦੇਣ ਉਤੇ ਪੈਨਲ ਦੇ ਮੈਂਬਰਾਂ ਅਤੇ ਪ੍ਰਾਪਤ ਕਰਨ ਵਾਲੇ ਸਾਹਿਤਕਾਰਾਂ ਦੀ ਕਾਫੀ ਲਾਹ ਪਾਹ ਹੁੰਦੀ ਰਹਿੰਦੀ ਹੈ। ਸਾਖ ਨੂੰ ਬਚਾਈ ਰੱਖਣ ਲਈ ਕਦੀ ਕਦੀ ਯੋਗ ਫੈਸਲੇ ਵੀ ਲਏ ਜਾਂਦੇ ਹਨ। ਪਰ ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਅਤੇ ਕੁਝ ਹੋਰ ਸਾਹਿਤਕਾਰਾਂ ਨੂੰ ਐਵਾਰਡ ਨਾ ਮਿਲਣਾ ਸਾਹਿਤ ਅਕਾਦਮੀ ਦੇ ਮੱਥੇ ਤੇ ਸਦੀਵੀ ਕਲੰਕ ਦਾ ਟਿੱਕਾ ਹੈ। ਸੰਤ ਸਿੰਘ ਸੇਖੋਂ ਤੇ ਜਦੋਂ ਸਾਹਿਤ ਅਕਾਦਮੀ ਦੀ ਨਿਗਾਹ ਹੋਈ ਤਾਂ ਉਦੋਂ ਵਕਤ ਇਨ੍ਹਾਂ ਲੰਘ ਚੁਕਾ ਸੀ ਕਿ ਸੇਖੋਂ ਲਈ ਇਸ ਇਨਾਮ ਦੀ ਅਹਿਮੀਅਤ ਨਹੀਂ ਰਹਿ ਗਈ ਸੀ। ਉਸ ਦੇ ਪ੍ਰਸ਼ੰਸਕਾਂ ਨੇ ਸੇਖੋਂ ਤੇ ਬਹੁਤ ਦਬਾ ਪਾਇਆ ਕਿ ਇਸ ਸਥਿਤੀ ਵਿਚ ਉਸਨੂੰ ਇਨਾਮ ਲੈਣ ਤੋਂ ਨਾਂਹ ਕਰ ਦੇਣੀ ਚਾਹੀਦੀ ਹੈ। ਪਰ ਸੇਖੋਂ ਨੇ ਕਿਹਾ ਉਸ ਨੂੰ ਇਨਾਮ ਦੀ ਨਹੀਂ ਪੈਸੇ ਦੀ ਸਖ਼ਤ ਲੋੜ ਹੈ, ਪੈਸੇ ਤੁਸੀ ਦੇ ਦਿਓ, ਮੈਂ ਨਾਂਹ ਕਰ ਦਿੰਦਾ ਹਾਂ।' (ਗੁਰਮੇਲ ਮਡਾਹੜ, 'ਸਾਹਿਤਕ ਸੂਰਜ' ਅਪ੍ਰੈਲ 1992)

ਪਿਛਲੇ ਸਾਲ ਹਰਿੰਦਰ ਮਹਿਬੂਬ ਨੂੰ ਮਿਲੇ ਐਵਾਰਡ ਤੇ ਕਾਫੀ ਹੰਗਾਮਾਬਾਜ਼ੀ ਹੋਈ ਹੈ। ਜਥੇਦਾਰ ਗੁਰਚਰਨ ਸਿੰਘ ਟੋਹੜਾ ਨੇ ਬਿਆਨ ਦਿੱਤਾ ਸੀ ਕਿ ਜੇ ਉਸ ਨੂੰ ਮਿਲਿਆ ਐਵਾਰਡ ਵਾਪਸ ਲਿਆ ਗਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪ ਉਸ ਨੂੰ ਲੱਖ ਰੁਪਏ ਦਾ ਐਵਾਰਡ ਦੇਵੇਗੀ। ਇਹ ਐਵਾਰਡ ਦੀ ਡਿੱਗਦੀ ਸਾਖ ਅਤੇ ਰਾਜਨੀਤਕ ਦਖ਼ਲ ਦੀਆਂ ਉਦਾਹਰਨਾ ਹਨ। ਸਾਹਿਤ ਅਕਾਦਮੀ ਦੇ ਐਵਾਰਡਾਂ ਬਾਰੇ ਕੁਝ ਹੋਰ ਵੀ ਜ਼ਿਕਰ ਕੀਤਾ ਜਾ ਸਕਦਾ ਹੈ।

1992 ਵਿਚ ਸਾਹਿਤ ਅਕਾਡਮੀ ਵਲੋਂ ਉਰਦੂ ਦਾ ਇਕ ਐਵਾਰਡ ਵੀ ਘਪਲੇ ਕਾਰਨ ਵਾਦ ਵਿਵਾਦ ਦਾ ਵਿਸ਼ਾ ਬਣਿਆ। ਇਹ ਇਨਾਮ ਸਲਾਹੁਦੀ ਪ੍ਰਵੇਜ਼ ਦੇ ਨਾਵਲ 'ਆਇਡੈਂਟਟੀ ਕਾਰਡ' ਨੂੰ ਮਿਲਿਆ ਸੀ। ਸਾਹਿਤ ਅਕਾਦਮੀ ਦੇ ਇਕ ਮੈਂਬਰ ਸ਼ਹਿਰਯਾਰ (ਉਰਦੂ ਦੇ ਇਕ ਕਵੀ) ਸਾਹਿਬ ਕਦੀ ਕਦੀ ਉਸ ਦੀ ਦੌਲਤ ਤੋਂ ਫਾਇਦਾ ਉਠਾਂਦੇ ਰਹਿੰਦੇ ਸਨ। ਪ੍ਰਵੇਜ ਦੀ ਦੌਲਤ ਦਾ ਫਾਇਦਾ ਹੋਰ ਵੀ 24 ਆਲੋਚਕਾਂ, ਸੰਪਾਦਕਾਂ ਅਤੇ ਲੇਖਕਾਂ ਨੂੰ ਹੁੰਦਾ ਰਿਹਾ ਜੋ ਉਸਦੀ ਪਰਸ਼ੰਸਾ ਵਿਚ ਲਿਖਦੇ ਸਨ। ਇਥੋਂ ਤੀਕਰ ਕਿ ਕੁਝ ਲੇਖਕ ਉਸਦੀਆਂ ਕਿਤਾਬਾਂ ਵੀ ਲਿਖਦੇ ਸਨ। ਪ੍ਰਵੇਜ਼ ਨੇ 1982 ਵਿਚ ਵੀ ਇਨਾਮ ਲੈਣ ਦੀ ਕੋਸ਼ਿਸ਼ ਕੀਤੀ ਆਪਣੇ ਨਾਵਲ 'ਨਿਮਰਤਾ' ਲਈ। ਉਹਨਾਂ ਰਿਸ਼ਵਤ ਵਿਚ ਦੇਣ੍ਹੀ ਜ਼ਿਆਦਾ ਰਕਮ ਦੇਣ ਦੀ ਕੋਸ਼ਿਸ਼ ਕੀਤੀ ਜੋ ਇਨਾਮ ਦੀ ਰਕਮ ਨਾਲੋਂ ਕਿਤੇ ਜਿਆਦਾ ਸੀ। ਦਸ ਸਾਲ ਬਾਅਦ ਉਹ 1992 ਵਿਚ ਆਪਣੇ ਨਾਵਲ 'ਅਇਡੈਂਟਟੀ ਕਾਰਡ' ਨੂੰ ਇਨਾਮ ਦਿਵਾਉਣ ਵਿਚ ਸਫਲ ਹੋ ਗਿਆ। ਇਹ ਇਨਾਮ ਨਾਵਲ ਨੂੰ ਉਸਦੀਆਂ ਖੂਬੀਆਂ ਕਰਕੇ ਨਹੀ ਮਿਲਿਆ ਸੀ ਸਗੋਂ ਉਸ ਵਲੋਂ ਵਰਤੇ ਗਏ ਰਸੂਖ਼ ਤੇ ਰਿਸ਼ਵਤ ਕਰਕੇ। (ਸੁਹੇਲ ਵਹੀਦ, ਆਰਸੀ ਅਪ੍ਰੈਲ, 1992)

ਸਾਹਿਤ ਅਕਾਦਮੀ ਦੀ ਇਸ ਤੋਂ ਵੱਧ ਕੀ ਬੇਇੱਜ਼ਤੀ ਹੋ ਸਕਦੀ ਹੈ ਅਤੇ ਉਸਦੇ ਇਨਾਮਾਂ ਦਾ ਕੀ ਪੱਧਰ ਹੈ? ਵਿਦੇਸ਼ੀ ਸਾਹਿਤਕਾਰਾਂ ਵਿਚੋਂ ਵੀ ਕੁੱਝ ਇਕ ਨੇ ਇਹ ਤਜ਼ਰਬਾ ਕਰਨ ਦਾ ਯਤਨ ਕੀਤਾ ਸੀ ਪਰ ਸ਼ਾਇਦ ਸੌਦੇ ਨਹੀ ਬਣ ਸਕੇ।

ਕੇਂਦਰ ਦੀ ਸਾਹਿਤ ਅਕਾਦਮੀ ਤੋਂ ਬਿਨਾਂ ਸੂਬੇ ਵਿਚ ਭਾਸ਼ਾ ਵਿਭਾਗ ਦੇ ਐਵਾਰਡ ਹਨ। ਇਹਨਾਂ ਵਿਚ ਧਾਂਦਲੀ ਵਧੇਰੇ ਹੈ। ਇਕ ਵਾਰ ਇਹ ਐਵਾਰਡ ਇਕ ਅਜਿਹੇ ਕਵੀ ਨੂੰ ਵੀ ਮਿਲਿਆ, ਜਿਸਦੀ ਕਵਿਤਾ ਦਾ ਪੱਧਰ ਇਹ ਸੀ:

ਸੀ ਉੂਤਾਂ ਦਾ ਉੂਤ, ਦੀਵਾਨਾ ਭੱਜ ਗਿਆ।/ਕੀਤਾ ਐਸਾ ਸੂਤ, ਦੀਵਾਨਾ ਭੱਜ ਗਿਆ।
ਸੀ ਕੁੱਤੀ ਦਾ ਪੂਤ, ਦੀਵਾਨਾ ਭੱਜ ਗਿਆ।/ਮਾਰਿਆ ਐਸ ਜੂਤ, ਦੀਵਾਨਾ ਭੱਜ ਗਿਆ।

ਇਹ ਮਹਾਨ ਕਵੀ ਸ: ਗਿਆਨ ਸਿੰਘ ਰਾੜੇਵਾਲੇ ਦਾ 'ਖ਼ਾਸ ਉਲ ਖ਼ਾਸ' ਬੰਦਾ ਸੀ। ਪਰ ਭਾਸ਼ਾ ਵਿਭਾਗ ਦੇ ਇਨਾਮਾਂ ਨੂੰ ਕੋਈ ਖ਼ਾਸ ਮਹਤੱਤਾ ਨਹੀ ਦਿੱਤੀ ਜਾਂਦੀ। ਇਹਨਾਂ ਇਨਾਮਾਂ ਨਾਲ ਜੁੜੀ ਰਕਮ ਕੁੱਝ ਕਸ਼ਿਸ਼ ਰੱਖਦੀ ਹੈ। ਦਰਜਾ ਦੋ ਅਤੇ ਦਰਜਾ ਤਿੰਨ ਦੇ ਸਾਹਿਤਕਾਰ ਜਿਹਨਾਂ ਨੂੰ ਇਹ ਪਤਾ ਹੁੰਦਾ ਹੈ ਕਿ ਉਹਨਾਂ ਨੂੰ ਸਾਹਿਤ ਅਕਾਦਮੀ ਐਵਾਰਡ ਨਹੀਂ ਮਿਲੇਗਾ ਇਸਦੀ ਪ੍ਰਾਪਤੀ ਤੇ ਹੀ ਸਬਰ ਸ਼ੁਕਰ ਕਰ ਲੈਂਦੇ ਹਨ।

ਸਾਹਿਤ ਅਕਾਡਮੀ ਅਤੇ ਭਾਸ਼ਾ ਵਿਭਾਗ ਦੇ ਐਵਾਰਡਾਂ ਤੋਂ ਬਿਨਾਂ ਕੁਝ ਵਿਅਕਤੀਗਤ ਐਵਾਰਡ ਹਨ ਜੋ ਕੁਝ ਵਿਅਕਤੀ ਆਪਣੇ ਸੱਜਣਾਂ ਮਿੱਤਰਾਂ ਦੀ ਯਾਦ ਕਾਇਮ ਰੱਖਣ ਲਈ ਜਾਂ ਸਾਹਿਤ ਦੀ ਪ੍ਰਫੁਲਤਾ ਵਿਚ ਆਪਣੀ ਦਿਲਚਸਪੀ ਦੇ ਪ੍ਰਗਟਾ ਲਈ ਸੰਜੀਦਾ ਜਾਂ ਗੈਰ ਸੰਜੀਦਾ ਤੌਰ ਤੇ ਸਾਹਿਤਕਾਰਾਂ ਨੂੰ ਪ੍ਰਦਾਨ ਕਰਦੇ ਹਨ।

ਇਕ ਸਰਦੀ ਪੁਜਦੀ ਰਕਮ ਬੈਂਕ ਵਿਚ ਜਮ੍ਹਾਂ ਕਰ ਦਿੱਤੀ ਜਾਂਦੀ ਹੈ। ਉਸ ਤੋਂ ਮਿਲਦੇ ਵਿਆਜ ਨਾਲ ਐਵਾਰਡ ਸਥਾਪਤ ਰਹਿੰਦਾ ਹੈ। ਇਹ ਐਵਾਰਡ ਕਿਸ ਨੂੰ ਦੇਣਾ ਹੈ, ਇਸਦੀ ਰਾਸ਼ੀ ਕਿੰਨ੍ਹੀ ਰੱਖਣੀ ਹੈ, ਕਿਉਂ ਦੇਣਾ ਹੈ? ਇਹ ਫੈਸਲਾ ਉਹ ਆਪ ਕਰਦੇ ਹਨ ਜਾਂ ਕੁਝ ਮਿੱਤਰਾਂ ਦਾ ਟਰੱਸਟ ਜਾਂ ਪੈਨਲ ਬਣਾ ਦਿੰਦੇ ਹਨ ਤਾਂਕਿ ਐਵਾਰਡ ਦਾ ਕੋਈ ਨੱਕ ਨਮੂਜ ਬਣ ਜਾਵੇ। ਪਰ ਇਹ ਇਵੇਂ ਹੀ ਹਨ, ਜਿਵੇਂ ਕੋਈ ਸੜਕ ਤੇ ਨਲਕਾ ਲਵਾ ਦੇਵੇ ਜਾਂ ਮੁਸਾਫਰਾਂ ਲਈ ਅੱਡੇ ਤੇ ਸ਼ੈੱਡ ਬਣਵਾ ਦੇਵੇ। ਅਜਿਹੇ ਐਵਾਰਡ ਵਧੇਰੇ ਕਸ਼ਿਸ਼ ਜਾਂ ਕਦਰ ਨਹੀਂ ਰਖਦੇ। ਉਂਝ ਜਿਸ ਨੂੰ ਮਿਲ ਜਾਏ ਉਹ ਧੰਨਵਾਦ ਨਾਲ ਸਵੀਕਾਰ ਕਰ ਲੈਂਦਾ ਹੈ। ਇਹ ਆਦਰ ਮਾਣ ਗਿਣਿਆ ਜਾਂਦਾ ਹੈ। ਇਸ ਤੇ ਕਿੰਤੂ ਨਹੀਂ ਕੀਤਾ ਜਾਂਦਾ।

ਵੱਖ ਵੱਖ ਸਾਹਿਤਕ ਸੰਸਥਾਵਾਂ ਅਤੇ ਟਰੱਸਟਾਂ ਵਲੋਂ ਜਿਹਨਾ ਦੇ ਮਾਲੀ ਵਸੀਲੇ ਇਸ ਗਲ ਦੀ ਆਗਿਆ ਦਿੰਦੇ ਹਨ ਉਹਨਾਂ ਵਲੋਂ ਵੀ ਐਵਾਰਡ ਦੇਣ ਦਾ ਰਿਵਾਜ ਵੱਧ ਰਿਹਾ ਹੈ। ਪਿੰਡਾਂ ਦੀਆਂ ਛੋਟੀਆਂ ਛੋਟੀਆਂ ਕਾਵਿ ਫੁਲਵਾੜੀਆਂ ਤੋਂ ਲੈ ਕੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੀਕਰ ਇਹਨਾਂ ਵਿਚ ਸ਼ਾਮਲ ਹਨ। ਪੰਜਾਬੀ ਅਕਾਦਮੀ ਦਿੱਲੀ ਹੈ। ਇਹਨਾਂ ਦੋਹਾਂ ਅਕਾਦਮੀਆਂ ਨੂੰ ਸਰਕਾਰੀ ਗਰਾਂਟਾਂ ਮਿਲਦੀਆਂ ਹਨ। ਇਹਨਾਂ ਦੇ ਐਵਾਰਡ ਭਾਸ਼ਾ ਵਿਭਾਗ ਦੇ ਐਵਾਰਡਾਂ ਵਾਂਗੂ ਹਨ। ਇੰਗਲੈਂਡ ਵਿਚ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਵਲੋਂ ਬਾਬਾ ਫਰੀਦ ਐਵਾਰਡ ਹੈ ਜੋ ਪਿਛਲੇ ਸਾਲ ਲੱਖ ਕਰਨਾਲਵੀ ਨੂੰ ਦਿੱਤਾ ਗਿਆ। ਸਿੱਖ ਸਾਹਿਤ ਅਤੇ ਸਭਿਚਾਰਕ ਸਭਾ ਵਲੋਂ ਭਾਈ ਕਾਹਨ ਸਿੰਘ ਨਾਭਾ ਐਵਾਰਡ ਹੈ ਜੋ ਗਿਆਨੀ ਮੱਖਣ ਸਿੰਘ ਮਰਗਿੰਦ ਨੂੰ ਦਿੱਤਾ ਗਿਆ। ਪ੍ਰਗਤੀਸ਼ੀਲ ਲਿਖਾਰੀ ਸਭਾ ਗਰੇਟ ਬ੍ਰਿਟੇਨ ਵਲੋਂ ਰਘਬੀਰ ਢੰਡ ਐਵਾਰਡ

ਹੈ। ਸੋਹਣ ਸਿੰਘ ਜੋਸ਼ ਟਰੱਸਟ ਵਲੋਂ ਵੀ ਐਵਾਰਡ ਦਿੱਤਾ ਜਾਂਦਾ ਹੈ। ਕੈਨੇਡਾ ਵਿਚ ਇਆਪਾ ਅਤੇ ਮਨਜੀਤ ਯਾਦਗਾਰੀ ਐਵਾਰਡ ਹਨ। ਡੈਨਮਾਰਕ ਵਿਚ 'ਬੁੱਲ੍ਹੇਸ਼ਾਹ' ਐਵਾਰਡ ਹੈ। ਪੰਜਾਬ ਵਿਚਲੇ ਪਾਸ਼ ਯਾਦਗਾਰੀ ਟਰੱਸਟ, ਢੁੱਡੀਕੇ ਟਰੱਸਟ, ਡਾਕਟਰ ਰਵਿੰਦਰ ਰਵੀ ਐਵਾਰਡ ਅਤੇ ਭਾਰਤ ਦੇ ਹੋਰਨਾਂ ਪਰਾਂਤਾਂ ਦੇ ਕਈ ਸ਼ਹਿਰਾਂ ਵਿਚ ਪੰਜਾਬੀ ਪਿਆਰਿਆਂ ਵਲੋਂ ਦਿੱਤੇ ਜਾ ਰਹੇ ਐਵਾਰਡਾਂ ਦਾ ਜ਼ਿਕਰ ਵੀ ਇਹਨਾਂ ਵਿਚ ਕੀਤਾ ਜਾ ਸਕਦਾ ਹੈ। ਇਵੇਂ ਹੀ ਅਮਰੀਕਾ ਦੇ ਗੁਰਨਾਮ ਸਿੰਘ ਧਾਲੀਵਾਲ ਹੁਰਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਰਕਮਾਂ ਦੇ ਐਵਾਰਡ ਹਨ। ਹੋਰ ਐਵਾਰਡ ਵੀ ਹੋ ਸਕਦੇ ਹਨ, ਜਿਹਨਾਂ ਦਾ ਸ਼ਾਇਦ ਮੈਨੂੰ ਗਿਆਨ ਨਾ ਹੋਵੇ। ਇਹ ਐਵਾਰਡ ਵੀ ਕੋਈ ਬਹੁਤੀ ਹਿਲਜੁਲ ਨਹੀ ਪੈਦਾ ਕਰਦੇ। ਨਾ ਹੀ ਇਹਨਾਂ ਦੀ ਪਰਾਪਤੀ ਲਈ ਕੋਈ ਭੱਜ ਦੌੜ ਹੁੰਦੀ ਹੈ।

ਕਦੀ ਕਦੀ ਸਾਹਿਤਕਾਰਾਂ ਦੇ ਪ੍ਰਸ਼ੰਸਕਾਂ ਵਲੋਂ ਉਹਨਾਂ ਦੇ ਜਨਮ ਦਿਨ ਮਨਾਏ ਜਾਂਦੇ ਹਨ। ਥੈਲੀਆਂ ਭੇਟ ਕੀਤੀਆਂ ਜਾਂਦੀਆਂ ਹਨ ਜਿਵੇਂ ਸਰਦਾਰ ਸੰਤ ਸਿੰਘ ਸੇਖੋਂ ਅਤੇ ਉਸ ਤੋਂ ਪਹਿਲਾਂ ਸੰਤੋਖ ਸਿੰਘ ਧੀਰ ਨੂੰ। ਰੀਝ ਦੋਹਾਂ ਵਲੋਂ ਆਪ ਹੀ ਪ੍ਰਗਟਾਈ ਗਈ। ਇਹਨਾਂ ਦੋਹਾਂ ਉਤਸਵਾਂ ਦਾ ਕਾਫੀ ਚਰਚਾ ਹੋਇਆ। ਸੰਤ ਸਿੰਘ ਸੇਖੋਂ ਨੂੰ ਦਿੱਤੀ ਗਈ ਇਕ ਲੱਖ ਰੁਪਏ ਦੀ ਥੈਲੀ ਨੂੰ ਪਦਮ ਸ਼੍ਰੀ ਸੰਤ ਸਿੰਘ ਸੇਖੋਂ ਨੂੰ ਪੰਜਾਬੀ ਬੋਲੀ ਦਾ ਸਭ ਤੋਂ ਵੱਡਾ ਐਵਾਰਡ ਕਹਿ ਕੇ ਰੁਸ਼ਨਾਇਆ ਗਿਆ। ਪਰ ਇਸ ਵੱਡੇ ਇਨਾਮ ਦੀ ਪ੍ਰਿਸ਼ਠ ਭੂਮੀ ਇਹ ਸੀ ਕਿ ਸੰਤ ਸਿੰਘ ਸੇਖੋਂ ਨੇ ਆਖਿਆ ਸੀ, "ਮੈਂ ਕਦੇ ਲੱਖ ਰੁਪੱਈਆ ਇਕੱਠਾ ਨਹੀਂ ਦੇਖਿਆ"। ਪੰਜਾਬੀ ਸਾਹਿਤ ਦੇ ਏਡੇ ਵੱਡੇ ਲੇਖਕ ਦੀ ਇਹ ਤਮੰਨਾ ਪੂਰੀ ਕਰਨ ਲਈ ਉਸਦੇ ਪ੍ਰਸ਼ੰਸਕਾਂ ਦੇ ਖ਼ੂਨ ਨੇ ਉਬਾਲਾ ਖਾਧਾ। (ਗੁਰਮੇਲ ਮਡਾਹੜ, ਸਾਹਿਤਕ ਸੂਰਜ, ਅਪਰੈਲ, 1993)

ਇਹ ਸਨਮਾਨ ਕਿਸੇ ਹੋਰ ਟਿੱਪਣੀ ਦਾ ਮੁਹਤਾਜ ਨਹੀਂ। ਪਰ ਇਕ ਡਰ ਹੈ ਕਿ ਜੇ ਕਲ ਨੂੰ ਕਿਸੇ ਹੋਰ ਸਾਹਿਤਕਾਰ ਨੇ ਇਹ ਕਹਿ ਦਿੱਤਾ ਕਿ ਮੈਂ ਦੋ ਲੱਖ ਰੁਪਈਆ ਕਦੇ ਇਕੱਠਾ ਨਹੀਂ ਵੇਖਿਆ ਤਾਂ ਫਿਰ ਉਸ ਦੀ ਇਹ ਨਿਮਾਣੀ ਜਿਹੀ ਇੱਛਿਆ ਵੀ ਪੂਰੀ ਕਰਨੀ ਪਊ। ਅਜਿਹੇ ਮਾਅਰਕਿਆਂ ਦਾ ਸਾਹਿਤ ਦੀ ਪ੍ਰਫੁਲਤਾ ਲਈ ਕੀ ਅਰਥ ਹੈ? ਇਹਨਾਂ ਨੂੰ ਐਵਾਰਡ ਦੀ ਥਾਂ ਗੁਰੂ ਦਖਸ਼ਣਾ ਕਹਿਣਾ ਵਧੇਰੇ ਯੋਗ ਹੈ। ਪਿਛਲੇ ਸਾਲਾਂ ਵਿਚ ਇਹ ਵੀ ਦੇਖਣ ਵਿਚ ਆਇਆ ਹੈ ਕਿ ਕੁਝ ਸਾਹਿਤਕਾਰਾਂ ਨੇ ਇਧਰੋਂ ਉਧਰੋਂ ਕਈ ਇਨਾਮਾਂ ਨੂੰ ਹੱਥ ਮਾਰਿਆ ਹੈ। ਉਹ ਹਰ ਇਨਾਮ ਪਿੱਛੇ ਆਪਣੇ ਚੁਸਤ ਏਜੰਟਾਂ ਨੂੰ ਲਾ ਦਿੰਦੇ ਹਨ ਤੇ ਸ਼ਿਕਾਰ ਉਹਨਾਂ ਦੇ ਹੱਥ ਵਿਚ ਹੀ ਆਉਂਦਾ ਹੈ। ਭਾਸ਼ਾ ਵਿਭਾਗ ਵਲੋਂ ਕਈਆਂ ਲਿਖਾਰੀਆਂ ਨੂੰ ਵਾਰ ਵਾਰ ਐਵਾਰਡ ਦਿੱਤੇ ਜਾਣ ਦੀਆਂ ਉਦਾਹਰਨਾ ਵੀ ਹਨ।

ਸਮੁੱਚੇ ਰੂਪ ਵਿਚ ਐਵਾਰਡ ਦੀ ਪ੍ਰਾਪਤੀ ਮਾਣ ਵਾਲੀ ਗਲ ਸਮਝੀ ਜਾਂਦੀ ਹੈ। ਤਰਸੇਮ ਨੀਲ ਗਿਰੀ ਅਨੁਸਾਰ:

> "ਪੁਰਸਕਾਰ ਰਚਨਾਤਮਕਤਾ ਤੇ ਅਸਰ ਅੰਦਾਜ਼ ਹੁੰਦੇ ਹਨ ਭਾਵੇਂ ਮੇਰਾ ਮੰਤਵ ਪੁਰਸਕਾਰ ਲੈਣ ਲਈ ਲਿਖਣਾ ਨਹੀਂ ਹੈ। ਮੈਂ ਉਸ ਨੂੰ ਲਿਖਤ ਦਾ ਕੀਤਾ ਗਿਆ ਸਤਿਕਾਰ ਸਮਝਦਾ ਹਾਂ। ਇਸ ਨਾਲ ਮੇਰਾ ਹੋਰ ਵਧੀਆ ਲਿਖਣ ਨੂੰ ਮਨ ਕਰਦਾ ਹੈ।" ('ਆਰਸੀ' ਜੁਲਾਈ 1992, ਹਰਚੰਦ ਸਿੰਘ ਬੇਦੀ ਨਾਲ ਮੁਲਾਕਾਤ ਸਮੇਂ)

ਉਸਨੂੰ ਢੁੱਡੀਕੇ ਟਰੱਸਟ ਦਾ ਐਵਾਰਡ ਮਿਲਿਆ ਸੀ। ਦਿੱਲੀ ਵਿਖੇ ਪੁਰਸਕਾਰ ਸਮਾਰੋਹ ਵਿਖੇ ਇਹ ਪੁਰਸਕਾਰ 'ਕੰਵਲ ਹੁਰਾਂ ਉਦੋਂ ਦੇ ਵਿਦੇਸ਼ ਮੰਤਰੀ ਇੰਦਰ ਕੁਮਾਰ ਗੁਜਰਾਲ' ਹੁਰਾਂ ਤੋਂ ਦਿਵਾਇਆ ਸੀ। ਇਸਦੀ ਵੀਡੀਓ ਟੇਪ ਤਰਸੇਮ ਨੇ ਸਾਨੂੰ ਆਪਣੇ ਘਰ ਬੁਲਾ ਕੇ ਦਿਖਾਈ। ਉਹ ਬਹੁਤ ਖ਼ੁਸ਼ ਸੀ। ਉਸ ਨੂੰ ਬਹੁਤ ਮਾਣ ਸੀ। ਪਰ ਜੀਨ ਪਾਲ ਸਾਰਤਰੇ ਵਲੋਂ ਨੋਬਲ ਪਰਾਈਜ਼ ਤੋਂ ਨਾਂਹ ਕਰ ਦੇਣੀ ਹੋਰ ਵੀ ਮਾਣ ਵਾਲੀ ਗੱਲ ਸਮਝੀ ਗਈ ਸੀ। ਸਟੈਨ ਬੈਕ ਦੇ ਵਿਚਾਰਾਂ ਅਨੁਸਾਰ ਸਨਮਾਨਾਂ ਦੀ ਗਿਣਤੀ ਵੱਧਣ ਨਾਲ ਲੇਖਕ ਦੀ ਲਿਖਤ ਘੱਟ ਚੰਗੀ ਲੱਗਣ ਲਗਦੀ ਹੈ। ਉਸਨੇ ਵੀ ਅਮਰੀਕਾ ਦਾ ਪ੍ਰਸਿੱਧ 'ਪੋਲਟਾਇਜ਼ਰ ਇਨਾਮ' ਲੈਣ ਤੋਂ ਨਾਂਹ ਕਰ ਦਿੱਤੀ ਸੀ। ਡਾਕਟਰ ਸੈਫ ਉਲ ਦੀਨ ਕਿਚਲੂ ਨੂੰ ਜਦੋਂ ਸਟਾਲਿਨ ਅਮਨ ਇਨਾਮ ਮਿਲਿਆ ਸੀ, ਉਸਨੇ ਉਸ ਨਾਲ ਸੰਬੰਧਤ ਸਾਰੀ ਰਕਮ ਕੁਲ ਹਿੰਦ ਅਮਨ ਕੌਂਸਲ ਨੂੰ ਦੇ ਦਿੱਤੀ ਸੀ। ਪੰਜਾਬੀ ਸਾਹਿਤਕਾਰਾਂ ਵਿਚੋਂ ਵੀ ਇਕ ਦੋ ਲਿਖਾਰੀਆਂ ਵਲੋਂ ਐਵਾਰਡਾਂ ਤੋਂ ਨਾਂਹ ਕਰਨ ਦਾ ਪਤਾ ਚਲਦਾ ਹੈ। ਜਸਵੰਤ ਸਿੰਘ ਕੰਵਲ ਹੁਰਾਂ ਦਾ ਨਾਮ ਵੀ ਇਨਾਮ ਦਾ ਚੈੱਕ ਮੋੜ ਦੇਣ ਵਾਲਿਆਂ ਦੀ ਗਿਣਤੀ ਵਿਚ ਲਿਆ ਜਾਂਦਾ ਹੈ ਜੋ ਉਹਨਾਂ ਨੂੰ 'ਲਹੂ ਦੀ ਲੋਅ' ਕਿਤਾਬ ਤੇ ਮਿਲ ਰਿਹਾ ਸੀ। ਕੁੱਝ ਲੋਕਾਂ ਦਾ ਵਿਚਾਰ ਸੀ ਕਿ ਨਕਸਲੀ ਲਹਿਰ ਨਾਲ ਉਹਨਾਂ ਦੀ ਹਮਦਰਦੀ ਕਾਰਨ ਉਹਨਾਂ ਇਹ ਕੀਤਾ ਹੋਵੇਗਾ ਪਰ ਜਤਿੰਦਰ ਪਨੂੰ ਲਿਖਦਾ ਹੈ:

> ਕਾਰਨ ਇਸਦਾ ਨਕਸਲੀ ਲਹਿਰ ਨਾਲ ਉਨ੍ਹਾਂ ਦੀ ਹਮਦਰਦੀ ਨਹੀ ਬਲਕਿ ਕੰਵਲ ਸਾਹਿਬ ਦੇ ਆਪਣੇ ਸ਼ਬਦਾਂ ਅਨੁਸਾਰ ਇਸ ਚੈੱਕ ਦਾ ਰੰਡਾ ਹੋਣਾ ਸੀ। ਉਹਨਾਂ ਦਾ ਇਤਰਾਜ਼ ਇਹ ਸੀ ਕਿ ਇਹ ਚੈੱਕ ਉਹਨਾਂ ਦੀ ਝੋਲੀ ਪਾਉਣ ਲਈ ਕੋਈ ਸਰਕਾਰੀ ਸਮਾਗਮ ਕਿਉਂ ਨਹੀ ਕੀਤਾ ਗਿਆ।' (ਨਵਾਂ ਜ਼ਮਾਨਾ, 28 ਮਾਰਚ, 1993)

ਪਰ ਬਹੁ-ਗਿਣਤੀ ਹਰ ਪ੍ਰਕਾਰ ਦੇ ਐਵਾਰਡ ਨੂੰ ਸਵੀਕਾਰ ਕਰਨ ਵਿਚ ਹੀ ਵਿਸ਼ਵਾਸ ਰੱਖਦੀ ਹੈ। ਕਈ ਵਾਰ ਤਅਜਬ ਉਦੋਂ ਹੁੰਦਾ ਹੈ ਜਦੋਂ ਕੋਈ ਲਿਖਾਰੀ ਆਪਣੇ ਰਾਜਸੀ ਅਕੀਦਿਆਂ ਅਨੁਸਾਰ ਭਾਰਤ ਦੀ ਕੇਂਦਰੀ ਅਤੇ ਪੰਜਾਬ ਸਰਕਾਰ ਨੂੰ ਜ਼ਾਲਮ, ਜਾਬਰ, ਲੋਕ ਵਿਰੋਧੀ, ਅਤੇ ਕੁਰੱਪਟ ਕਰਾਰ ਦਿੰਦੇ ਹਨ ਪਰ ਐਵਾਰਡ ਸਵੀਕਾਰ ਕਰਨ ਵੇਲੇ ਉਹ ਇਹ ਤੱਥ ਭੁੱਲ ਜਾਂਦੇ ਹਨ। ਐਵਾਰਡ ਦੇਣ ਵਾਲਿਆਂ ਦੀ ਨੀਅਤ ਤੇ ਸ਼ੱਕ ਕਰਨ ਦੀ ਲੋੜ ਨਹੀ। ਉਹ ਤਾਂ ਸਰਕਾਰੀ ਮੰਤਰੀਆਂ ਅੱਗੇ ਮਹਾਨ ਚਿੰਤਕਾਂ, ਵਿਦਵਾਨਾਂ ਅਤੇ ਸਾਹਿਤਕਾਰਾਂ ਨੂੰ ਸਿਰ ਝੁਕਾਉਂਦੇ ਦੇਖ ਕੇ ਖ਼ੁਸ਼ ਹੁੰਦੇ ਹੋਣਗੇ। ਇਹ ਤਾਂ ਉਸ ਮਹਾਨ ਆਤਮਾ ਦੀ ਪ੍ਰੀਖਿਆ ਹੈ ਜਿਸ ਨੇ ਪਵਿੱਤਰ ਸਾਹਿਤ ਸਿਰਜਣਾ ਹੈ।

ਸਾਹਿਤਕਾਰਾਂ ਦੀ ਆਤਮਾ ਨੂੰ ਪਵਿੱਤਰ ਤੇ ਬਲਵਾਨ ਬਣਾਈ ਰੱਖਣਾ ਜ਼ਰੂਰੀ ਹੈ। ਉਸ ਲਈ ਮਾਨਵਵਾਦੀ ਕਦਰਾਂ ਕੀਮਤਾਂ ਨਾਲ ਸਨੇਹ ਰੱਖਣ ਵਾਲੇ ਸਾਹਿਤਕ ਹਿਤੈਸ਼ੀਆਂ ਵਲੋਂ ਯੋਗ ਐਵਾਰਡ ਸਥਾਪਤ ਕਰਨ ਦੀ ਲੋੜ ਹੈ ਜਿਹੜੇ ਐਵਾਰਡ ਪਹਿਲਾਂ ਹੀ ਸਥਾਪਤ ਹਨ ਉਹਨਾਂ ਨੂੰ ਜਾਰੀ ਰੱਖਣਾ ਵੀ ਜ਼ਰੂਰੀ ਹੈ।

ਗੁਰਬਚਨ ਦਾ ਖਿਆਲ ਹੈ ਕਿ ਅਜ ਦਾ ਪੰਜਾਬੀ ਲੇਖਕ ਉਦਾਸ ਤੇ ਖੋਖਲਾ ਹੈ ਕਿਉਂਕਿ ਪਾਠਕ ਨਹੀ ਹਨ। ਪਾਠਕ ਦਿਨੋਂ ਦਿਨ ਘੱਟ ਰਹੇ ਹਨ। ਬੇਚੈਨ ਤੇ ਉਦਾਸ ਲੇਖਕਾਂ ਦੀ ਗਿਣਤੀ ਵੱਧ ਰਹੀ ਹੈ। ਲੇਖਕ ਦਾ ਆਪਣੇ ਪਾਠਕ ਨਾਲ ਰਾਬਤਾ ਨਾ ਰਹਿਣ ਕਾਰਨ ਸਥਿਤੀ ਮਨਫੀ ਵਾਲੀ ਹੋ ਗਈ ਹੈ। ਇਸ ਮਨਫੀ ਤੇ ਫਤਿਹ ਪਾਉਣ ਲਈ ਟੇਡੇ ਰਸਤੇ ਲੱਭੇ ਜਾ ਰਹੇ ਹਨ।' ('ਵਤਨ' ਵੈਨਕੂਵਰ-ਅਕਤੂਬਰ, ਨਵੰਬਰ, ਦਿਸੰਬਰ 1992)

ਕੀ ਇਸ ਨਿਰਣੇ ਨਾਲ ਸਹਿਮਤ ਹੋਇਆ ਜਾ ਸਕਦਾ ਹੈ? ਸ਼ਾਇਦ ਕੁਝ ਲੋਕ ਹੋਣ, ਕੁਝ ਨਾ ਹੋਣ। ਲੇਖਕ ਦੀ ਉਦਾਸੀ ਤੇ ਬੇਚੈਨੀ ਉਸਦੀਆਂ ਕਿਰਤਾਂ ਵਿਚੋਂ ਝਲਕਣੀ ਚਾਹੀਦੀ ਹੈ। ਪੰਜਾਬ ਵਿਚ ਅੰਗ੍ਰੇਜ਼ੀ ਮਾਧਿਅਮ ਦੇ ਸਕੂਲਾਂ ਦੀ ਬਹੁਤਾਤ, ਪੱਛਮੀ ਸਭਿਅਤਾ ਦਾ ਵਧ ਰਿਹਾ ਪ੍ਰਭਾਵ, ਰੇਡੀਓ, ਸਿਨੇਮਾ, ਟੀ. ਵੀ. ਤੇ ਹੋਰ ਮੀਡੀਆ ਦੀ ਜਕੜ, ਪੰਜਾਬ ਦੀ ਵਰਤਮਾਨ ਤਰਾਸਦੀ, ਜ਼ਬਾਨ ਦੀ ਸੰਪਰਦਾਇਕ ਆਧਾਰਾਂ ਤੇ ਵੰਡ, ਪੰਜਾਬੀ ਸਾਹਿਤ ਦੇ ਪਾਠਕਾਂ ਦੀ ਘਾਟ ਦਾ ਸਬੰਧ ਸਮਝੇ ਜਾ ਸਕਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾਕਟਰ ਜੋਗਿੰਦਰ ਸਿੰਘ ਪਵਾਰ ਦੇ ਕਹਿਣ ਅਨੁਸਾਰ ਪੰਜਾਬੀ ਹੁਣ ਗਰੀਬ ਲੋਕਾਂ ਦੀ ਜ਼ਬਾਨ ਬਣ ਕੇ ਰਹਿ ਗਈ ਹੈ। ਉਹਨਾਂ ਦੀ

ਜੋ ਆਪਣੇ ਬੱਚਿਆਂ ਨੂੰ ਅਖਾਉਤੀ ਪਬਲਿਕ ਸਕੂਲਾਂ ਵਿਚੋਂ ਮਹਿੰਗੇ ਭਾ ਵਿਕਦੀ ਵਿਦਿਆ ਨਹੀਂ ਦਿਵਾ ਸਕਦੇ। ਗਰੀਬ ਲੋਕ ਕਿਤਾਬਾਂ ਵੀ ਨਹੀਂ ਖਰੀਦ ਸਕਦੇ ਜਿਹਨਾਂ ਦੀਆਂ ਕੀਮਤਾਂ ਲਾਗਤ ਕੀਮਤ ਤੋਂ ਕਿਤੇ ਵੱਧ ਹੁੰਦੀਆਂ ਹਨ। ਉਂਝ ਵੀ ਗਰੀਬ ਲੋਕਾਂ ਕੋਲ ਪੜ੍ਹਨ ਦਾ ਸਮਾ ਘੱਟ ਹੁੰਦਾ ਹੈ।

ਐਵਾਰਡਾਂ ਦੀ ਗਿਣਤੀ ਪੈਸੇ ਦੀ ਬਹੁਤਾਤ, (ਭਾਵੇਂ ਉਹ ਧਰਮ ਦੀ ਕਿਰਤ ਹੈ, ਨੰਬਰ ਦੋ ਤੋਂ ਆਉਂਦਾ ਹੈ ਜਾਂ ਵਿਦੇਸ਼ੀ ਮੁਦਰਾ ਦੇ ਪਰੀਵਰਤਨ ਤੋਂ) ਭੇਡਚਾਲ, ਮਨ ਤੁਰਾ ਹਾਜੀ ਬਗੋਇਮ ਤੂ ਮਿਰ ਮੁੱਲਾ ਬਗੋ (ਅਰਥਾਤ ਮੈਂ ਤੈਨੂੰ ਹਾਜੀ ਆਖਦਾ ਹਾਂ, ਤੂੰ ਮੈਨੂੰ ਮੁੱਲ੍ਹਾ ਆਖ) ਦੇ ਆਧਾਰ ਤੇ ਵੀ ਪ੍ਰਫੁਲਤ ਹੋ ਰਹੀ ਹੈ। ਪਰ ਇਸ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ ਕਿ ਕੁੱਝ ਅਦਾਰੇ ਨੇਕ ਨੀਅਤੀ ਨਾਲ ਸਾਹਿਤਕਾਰਾਂ ਦਾ ਮਾਣ ਸਤਿਕਾਰ ਕਰਦੇ ਹਨ।

ਇਹ ਅਵਾਰਡ ਸਾਹਿਤਕਾਰ ਦੀ ਪ੍ਰਤਿਸ਼ਠਤਾ ਜਾਂ ਮਾਲੀ ਹਾਲਤ ਤੇ ਅਸਰ ਅੰਦਾਜ਼ ਤਾਂ ਹੋ ਸਕਦੇ ਹਨ ਪਰ ਉਸਦੀ ਪ੍ਰਤਿਭਾ ਤੇ ਨਹੀਂ। ਇਹ ਸਾਹਿਤ ਕਾਰ ਨੂੰ ਉਸਦੇ ਮੰਤਵ ਤੋਂ 'ਡਾਇਵਰਟ' ਜ਼ਰੂਰ ਕਰਦੇ ਹਨ।

ਰਘਬੀਰ ਢੰਡ ਨੇ 31 ਜੁਲਾਈ 1976 ਨੂੰ ਬਰੈਡਫੋਰਡ (ਇੰਗਲੈਂਡ) ਵਿਖੇ ਲੇਖਕਾਂ ਦੇ ਇਕ ਸਨਮਾਨ ਸਮਾਰੋਹ ਵਿਚ ਆਖਿਆ ਸੀ:

"ਜਿੱਥੋਂ ਤੀਕਰ ਸਨਮਾਣ ਦਾ ਸਬੰਧ ਹੈ, ਆਮ ਤੌਰ ਤੇ ਸਾਡੇ ਅੱਜ ਦੇ ਸਮਾਜ ਵਿਚ ਜਾਂ ਤਾਂ ਵਕਤ ਦੇ ਹਾਕਮਾਂ ਨੂੰ ਸਨਮਾਨਿਆਂ ਜਾਂਦਾ ਹੈ ਜਾਂ ਸਾਧਾਂ ਸੰਤਾਂ ਨੂੰ...। ਲੋਕਾਂ ਦੇ ਲੇਖਕ ਦੀ ਦੇਣ ਇਨ੍ਹੀ ਸਰਬੰਗੀ ਹੁੰਦੀ ਹੈ ਕਿ ਉਸਦਾ ਮੁੱਲ ਨਹੀਂ ਤਾਰਿਆ ਜਾ ਸਕਦਾ। ਉਸ ਦਾ ਇਨਾਮ ਉਸ ਦੇ ਲੋਕ ਹੁੰਦੇ ਹਨ ਅਤੇ ਉਹਨਾਂ ਦਾ ਨਸ਼ਾ ਉਹਨਾਂ ਦਾ ਹੁਨਰ ਹੁੰਦਾ ਹੈ।' (ਅਵਤਾਰ ਸਾਦਿਕ ਦਾ ਲੇਖ ਪ੍ਰਗਤੀਵਾਦ ਦਾ ਪ੍ਰਤੀਕ - ਰਘਬੀਰ ਢੰਡ)

ਮੈਂ ਅਹਿਮਦ ਨਦੀਮ ਕਾਸਮੀ ਦੇ ਇਕ ਸ਼ੇਅਰ ਨਾਲ ਇਸ ਪਰਚੇ ਦਾ ਅੰਤ ਕਰਨਾ ਚਾਹਾਂਗਾ।

ਨਦੀਮ ਕੋਈ ਮੇਰੇ ਫ਼ਨ ਕਾ / ਅਜਰ ਕਿਆ ਦੇਗਾ,
ਮੈਂ ਖ਼ਾਕ ਚਾਟ ਕੇ ਭੀ / ਨਸ਼ਾ ਏ ਹੁਨਰ ਮੇਂ ਰਹੂੰ।

ਵਿਚਾਰ ਵਟਾਂਦਰਾ

(ਸੰਖੇਪ ਰੂਪ ਵਿਚ)

ਅਮਰ ਸਿੰਘ ਧਾਲੀਵਾਲ:

ਕਿਆ ਖੂਬ ਗੁਜ਼ਰੇਗੀ ਜਬ ਰਲ ਬੈਠੇਗੇਂ ਦੀਵਾਨੇ ਦੋ।

ਜੁਗਿੰਦਰ ਸ਼ਮਸ਼ੇਰ ਮੇਰੇ ਦੋਸਤ ਉਪਰ ਮੈਨੂੰ ਇਸ ਕਰਕੇ ਰੋਸ ਹੈ ਕਿ ਉਸਨੇ ਆਪਣੇ ਪਰਚੇ ਦੀ ਸਮੱਸਿਆ ਪ੍ਰੈਕਟੀਕਲ ਆਖਕੇ ਇਕ ਬਹੁਤ ਨੀਵੇਂ ਥਾਂ ਲੈ ਆਂਦੀ ਹੈ। ਇਹ ਇਕ ਬਹੁਤ ਵੱਡਾ ਥਿਊਰੈਟੀਕਲ ਮਸਲਾ ਹੈ। ਇਹ ਮਨੁੱਖ ਦੀ ਤੇ ਹਿਉਮਨ ਮੋਟੀਵੇਸ਼ਨ ਦੀ ਸਮੱਸਿਆ ਹੈ। ਮਨੁੱਖ ਕਿੱਥੋਂ ਪ੍ਰੇਰਿਤ ਹੁੰਦਾ ਹੈ? ਕੀ ਚਾਹੁੰਦਾ ਹੈ ਜ਼ਿੰਦਗੀ ਵਿਚ? ਮਨੁੱਖ ਕਾਹਦੇ ਨਾਲ ਅਮਰ ਹੋਵੇਗਾ? ਬਹੁਤ ਲੋਕ ਸਮਝਦੇ ਹਨ ਜਿਨ੍ਹਾਂ ਵਿਚੋਂ ਮੈਂ ਵੀ ਇਕ ਹਾਂ ਕਿ ਇਹ ਮਾਇਆ ਦਾ ਅਡੰਬਰ ਹੁੰਦਾ ਹੈ।... ਇਨ੍ਹਾਂ ਨੇ ਅਖੀਰ ਤੇ ਆ ਕੇ ਜੋ ਫੈਸਲਾ ਕੀਤਾ ਉਹ ਹੈ ਕਿ ਹੁਨਰ ਦੀ ਬੇਇਜ਼ਤੀ ਨਾ ਕਰਿਉ। ਐਡੇ ਵੱਡੇ ਸ਼ਾਇਰ ਦੇ ਲਫਜ਼ ਦਾ ਸਹਾਰਾ ਲੈ ਕੇ ਮੇਰਾ ਦੋਸਤ ਬੋਲਿਆ ਹੈ ਐਰ ਉਹ ਕਹਿ ਰਿਹਾ ਹੈ ਕਿ ਇਹ ਇਕ ਪ੍ਰੈਕਟੀਕਲ ਪ੍ਰਾਬਲਮ ਹੈ। ਇਟ ਇਜ਼ ਏ ਥਿਊਰੈਟੀਕਲ ਇਸ਼ੂ। ਇਟ ਇਜ਼ ਏ ਬਰਨਿੰਗ ਕੁਇਸਚਨ?

ਗੁਰਮੇਲ: ਪਰਚੇ ਵਿਚ ਸ਼ਮਸ਼ੇਰ ਹੁਰਾਂ ਨੇ ਉਨ੍ਹਾਂ ਸੰਸਥਾਵਾਂ ਵਲ ਜੋ ਇਨਾਮ ਦਿੰਦੀਆਂ ਹਨ ਪਰ ਪਤਨ ਵੱਲ ਜਾ ਰਹੀਆਂ ਹਨ ਵੱਲ ਧਿਆਨ ਦੁਆਇਆ ਹੈ। ਜਿੱਥੇ ਸਾਹਿਤ ਅਕੈਡਮੀ ਦੇ ਪਤਨ ਵੱਲ ਜਾਣ ਦਾ ਜ਼ਿਕਰ ਆਇਆ ਸੀ ਉਥੇ ਮੀਸ਼ੇ ਵਰਗੇ ਕਵੀ ਨੂੰ ਇਨਾਮ ਮਿਲਣ ਵੇਲੇ ਅਕੈਡਮੀ ਦੇ ਇਸ ਨਿਰਣੇ ਉਪਰ ਸਭ ਨੇ ਬਹੁਤ ਖੁਸ਼ੀ ਮਨਾਈ ਸੀ। ਸੋ ਇਹ ਅਕੈਡਮੀ ਦਾ ਪ੍ਰਸੰਸ਼ਾਯੋਗ ਕੰਮ ਵੀ ਹੈ। ਇਨਾਮ ਇਕ ਪਹਿਚਾਨ ਹੈ ਤੇ ਉਹ ਮਿਲਣ ਵਾਲੇ ਨੂੰ ਖੁਸ਼ੀ ਬਖਸ਼ਦੀ ਹੈ ਜੇਕਰ ਪ੍ਰਾਪਰ ਤੌਰ ਤੇ ਦਿੱਤਾ ਜਾਵੇ। ਜਿਵੇਂ ਸੇਖੋਂ ਦੀ ਮੰਗ ਦਾ ਜ਼ਿਕਰ ਆਇਆ ਹੈ ਇਸੇ ਸਾਲ ਮੈਂ ਇਕ ਵਾਰੀ ਪਟਿਆਲਾ ਯੂਨੀਵਰਸਟੀ ਵਿਚ ਦਲੀਪ ਕੌਰ ਟਿਵਾਣਾ ਦਾ ਖ਼ਤ ਕਿਸੇ ਬਜ਼ੁਰਗ ਦੇ ਨਾਮ ਵੇਖਿਆ ਸੀ ਕਿ ਪ੍ਰੀਤਮ ਸਿੰਘ ਨੂੰ ਇਕ ਲੱਖ ਦੀ ਥੈਲੀ ਭੇਟ ਕਰਨੀ ਹੈ ਤੁਸੀ ਆਪਣੇ ਤਿਲ ਫੁਲ ਲੈ ਕੇ ਹਾਜ਼ਰ ਹੋਵੋ ਮਿਨੀਮੱਮ ਹਜ਼ਾਰ ਰੁਪਿਆ। ਉਹ ਕਹਿੰਦਾ ਮੈਂ ਨੌਕਰੀ ਨਹੀਂ ਕਰਦਾ, ਕੰਮ ਨਹੀਂ ਕਰਦਾ। ਇਹੋ ਜਿਹੇ ਰੁਝਾਨਾਂ ਦਾ ਪੈਦਾ ਹੋਣਾ ਸਿਹਤਮੰਦ ਗੱਲ ਨਹੀ ਹੈ। ਇਨਾਮ ਦੇਣ ਵਾਲੀਆਂ ਸੰਸਥਾਵਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ ਪਰ ਉਨ੍ਹਾਂ ਦੇ ਪਤਨ ਵੱਲ ਧਿਆਨ ਦੇਣ ਦੀ ਲੋੜ ਹੈ। ਗੁਰਬਖ਼ਸ ਸਿੰਘ ਨੂੰ ਸਹਿਤ ਅਕੈਡਮੀ ਦਾ ਇਨਾਮ ਨਾ ਦੇਣ ਦਾ ਜ਼ਿਕਰ ਆਇਆ ਹੈ। ਇਕ ਵਾਰੀ ਗੁਰਬਖ਼ਸ ਸਿੰਘ ਨੇ ਕਿਹਾ ਸੀ ਕਿ ਮੈਂ ਸਾਹਿਤ ਅਕੈਡਮੀ ਦਾ ਫੈਲੋ ਹਾਂ ਤੇ ਫੈਲੋ ਇਨਾਮ ਲੈਣ ਦਾ ਹੱਕਦਾਰ ਨਹੀ ਹੁੰਦਾ। ਪਤਾ ਨਹੀ ਇਹ ਗੱਲ ਕਿਥੋਂ ਤੱਕ ਠੀਕ ਹੈ। ਇਸ ਤੋਂ ਇਲਾਵਾ ਕੰਵਲ ਦੇ ਇਨਾਮ ਦੀ ਗੱਲ ਇਹ ਹੈ ਕਿ ਉਨ੍ਹੀ ਕਿਹਾ ਸੀ ਕਿ ਇਨਾਮ ਸਮਾਗਮ ਕਰਕੇ ਦੇਣਾ ਚਾਹੀਦਾ ਸੀ ਨਾ ਕਿ ਸਿੱਧਾ ਚੈਂਕ ਹੀ। ਇਥੇ ਕੰਵਲ ਹੋਰੀਂ ਵਾਜਬ ਸਨ। ਉਸੇ ਭਾਸ਼ਾ ਵਿਭਾਗ ਨੇ ਉਸੇ ਕਿਤਾਬ ਨੂੰ ਤਿੰਨ ਸਾਲ ਬਾਅਦ, ਤਿੰਨ ਸਾਲ ਦਾ ਵਧੀਆ ਇਨਾਮ ਦਿੱਤਾ ਤੇ ਉਨ੍ਹਾਂ ਨੇ ਐਕਸੇਪਟ ਕਰ ਲਿਆ।

ਜਗਰੂਪ: ਸ਼ਮਸ਼ੇਰ ਜੀ ਨੇ ਮੇਰੀ ਸਮਝ ਮੁਤਾਬਕ ਇਨਾਮ ਲੈਣ ਤੇ ਇਨਾਮ ਦੇਣ ਦੀ ਨੀਅਤ ਬਾਰੇ ਗੱਲ ਕੀਤੀ ਹੈ। ਜੋ ਪੇਪਰ ਦੇ ਮੁਤਾਬਕ ਮੋਟੇ ਤੌਰ ਉਪਰ ਦੋਨਾਂ ਪਾਸਿਆਂ ਤੋਂ ਨਿੱਘਰ ਚੁਕੀ ਹੈ। ਪਰ ਇਸ ਪਰਚੇ ਦੇ ਅੰਤ ਵਿਚ, ਮੇਰੀ ਸਮਝ ਮੁਤਾਬਕ, ਤੁਸੀ ਕਿਸੇ ਨਤੀਜੇ ਉਪਰ ਨਹੀ ਪਹੁੰਚੇ। ਸੋ ਮੇਰਾ ਸੁਆਲ ਇਹ ਹੈ ਕਿ ਕੀ ਤੁਸੀ ਐਵਾਰਡ ਦੇਣ ਦੀ ਪ੍ਰਥਾ ਨੂੰ ਠੀਕ ਸਮਝਦੇ ਹੋ ਕਿ ਨਹੀ? ਜੇ ਜੁਆਬ ਹਾਂ ਹੈ ਤਾਂ ਜੇਕਰ ਤੁਹਾਨੂੰ ਮੌਕਾ ਦਿੱਤਾ ਜਾਵੇ ਤਾਂ ਤੁਸੀ ਕਿਹੜਾ ਢੰਗ ਅਪਣਾਉਗੇ ਜਿਸ ਨਾਲ ਲੋਕ ਇਹ ਕਹਿਣ ਕਿ ਇਹ ਠੀਕ ਤੇ ਯੋਗ ਵਿਅਕਤੀ ਨੂੰ ਉਸਦੀ ਯੋਗਤਾ ਮੁਤਾਬਕ ਮਿਲਿਆ ਹੈ। ਥੈਂਕ ਯੂ।

ਸਾਧੂ: ਪ੍ਰਧਾਨ ਜੀ ਤੇ ਦੋਸਤੋ, ਪਰਚਾ ਕਾਫੀ ਰੌਚਕ ਹੈ। ਸਭ ਨੇ ਇਨਜੁਆਏ ਕੀਤਾ ਹੈ। ਪਰ ਮੈਂ ਸ਼ਮਸ਼ੇਰ ਹੁਰਾਂ ਦਾ ਪੂਰਾ ਮਾਣ ਕਰਦਾ ਹੋਇਆਂ ਇਹ ਕਹਾਂਗਾ ਕਿ ਪਰਚਾ ਅਖਬਾਰ ਵਿਚ ਛਪਣਯੋਗ ਤਾਂ ਬਹੁਤ ਵਧੀਆ ਹੈ ਪਰ ਇਕ ਕਾਨਫਰੰਸ ਵਿਚ ਵਿਚਾਰ ਕੀਤੇ ਜਾਣ ਵਾਲਾ ਇਹ ਪਰਚਾ ਨਹੀ ਹੈ। ਤੁਸੀ ਖੁਦ ਇਹ ਪਰਚਾ ਸ਼ੁਰੂ ਕਰਨ ਕਰਨ ਦੇ ਵੇਲੇ ਇਹ ਗੱਲ ਮੰਨ ਲਈ ਹੈ ਕਿ ਮੈਂ ਕਿਸੇ ਥਿਊਰੀ ਵਿਚ ਯਕੀਨ ਨਹੀਂ ਕਰਦਾ, ਏਸ ਗੱਲ ਲਈ ਕੋਈ ਥਿਊਰੀ ਨਹੀਂ ਘੜੀ ਜਾ ਸਕਦੀ। ਮੈਥੋਂ ਪਹਿਲਾਂ ਕਿਸੇ ਹੋਰ ਦੋਸਤ ਨੇ ਵੀ ਇਹ ਗੱਲ ਕਹੀ ਹੈ, ਮੈਂ ਵੀ ਕਹਿੰਦਾ ਹਾਂ ਕਿ ਇਹ ਗੱਲ ਗਲਤ ਹੈ ਕਿਉਂਕਿ ਜਿਤਨਾ ਚਿਰ ਅਸੀ ਇਸਨੂੰ ਕਿਸੇ ਤਰੀਕੇ ਨਹੀ ਵਿਚਾਰ ਸਕਦੇ ਉਤਨੀ ਦੇਰ ਅਸੀ ਕਿਸੇ ਨਿਰਣੇ ਉਪਰ ਨਹੀ ਪਹੁੰਚ ਸਕਦੇ। ਭਾਵੇਂ ਫੇਰ ਵੀ ਨਿਰਣੇ ਉਪਰ ਪਹੁੰਚਣਾ ਸੰਭਵ ਨਾ ਹੋਵੇ। ਪਰ ਜਿਸ ਤਰ੍ਹਾਂ ਤੁਸੀ ਹੁਣ ਪੇਸ਼ ਕੀਤਾ ਹੈ, ਕੁਝ ਇਕ ਸੰਸਥਾਵਾਂ ਬਾਰੇ ਜਾਂ ਕੁਝ ਇਕ ਇਨਾਮਾਂ ਬਾਰੇ ਬੜੀਆਂ ਰੌਚਕ ਗੱਲਾਂ ਦੱਸੀਆਂ ਹਨ ਉਹ ਗੱਲਾਂ ਕੁਝ ਲੋਕ ਸ਼ਾਇਦ ਤੁਹਾਡੇ ਨਾਲੋਂ ਵੀ ਜ਼ਿਆਦਾ ਜਾਣਦੇ ਹੋਣਗੇ ਜਾਂ ਤੁਸੀ ਉਨ੍ਹਾਂ ਨਾਲੋਂ ਜ਼ਿਆਦਾ ਜਾਣਦੇ ਹੋਵੋਂਗੇ। ਅਸੀ ਪਹਿਲਾਂ ਵੀ ਸੁਣੀਆਂ ਹੋਈਆਂ ਹਨ ਬਾਅਦ ਵਿਚ ਵੀ ਸ਼ਾਇਦ ਸੁਣਦੇ ਰਹਾਂਗੇ। ਤੁਸੀ

ਗੁਰਬਚਨ ਹੁਰਾਂ ਨੂੰ ਪਰਚੇ ਵਿਚ ਕੋਟ ਕੀਤਾ ਹੈ। ਉਨ੍ਹਾਂ ਨੇ ਚਾਰ ਪੰਜ ਲਾਈਨਾਂ ਵਿਚ ਆਪਣੀ ਥਿਊਰੀ ਦਿੱਤੀ ਹੈ ਕਿ ਪੰਜਾਬੀ ਵਿਚ ਇਨਾਮਾਂ ਦਾ ਚੱਕਰ ਐਸ ਤਰੀਕੇ ਨਾਲ ਚੱਲ ਰਿਹਾ ਹੈ। ਤੁਸੀਂ ਉਸ ਬਾਰੇ ਲਿਖਿਆ ਹੈ ਕਿ ਕੁੱਝ ਲੋਕ ਉਸ ਨਾਲ ਸਹਿਮਤ ਹੋਣਗੇ ਕੁੱਝ ਨਹੀਂ ਪਰ ਆਪਣੇ ਬਾਰੇ ਨਹੀਂ ਦੱਸਿਆ ਕਿ ਤੁਹਾਡੀ ਉਸ ਬਾਰੇ ਕੀ ਰਾਏ ਹੈ। ਸੋ ਇਕ ਤਾਂ ਮੇਰਾ ਸਵਾਲ ਤੁਹਾਨੂੰ ਇਹ ਹੈ ਕਿ ਉਨ੍ਹਾਂ ਦੀ ਥਿਊਰੀ ਬਾਰੇ ਤੁਹਾਡੀ ਆਪਣੀ ਰਾਏ ਕੀ ਹੈ? ਤੁਸੀਂ ਉਸ ਤੋਂ ਬਾਅਦ ਇਹ ਕਿਹਾ ਹੈ ਕਿ ਲੇਖਕ ਦੀ ਬੇਚੈਨੀ ਤੇ ਉਦਾਸੀ ਉਸ ਦੀਆਂ ਲਿਖਤਾਂ ਵਿਚੋਂ ਝਲਕਣੀ ਚਾਹੀਦੀ ਹੈ। ਇਹੀ ਗੱਲ ਗੁਰਬਚਨ ਕਹਿ ਰਿਹਾ ਹੈ ਕਿ ਲੇਖਕ ਜੋ ਮਹਿਸੂਸ ਕਰ ਰਹੇ ਹਨ ਉਹ ਲਿਖ ਨਹੀਂ ਰਹੇ ਕਿਉਂਕਿ ਲਿਖਣ ਦੇ ਪਰੌਸਿਸ ਵਿਚੋਂ ਉਨ੍ਹਾਂ ਨੂੰ ਕੁਝ ਮਿਲ ਨਹੀਂ ਰਿਹਾ। ਉਹ ਖੋਖਲੇ ਹਨ, ਪਾਠਕ ਨਹੀਂ ਹਨ ਬਹੁਤੇ, ਲੇਖਕ ਨੂੰ ਪਤਾ ਨਹੀਂ ਕਿ ਉਹ ਲਿਖ ਕਿਉਂ ਰਿਹਾ। ਪੰਜਾਬੀ ਲੇਖਕ ਕਿਸੇ ਤੱਕ ਪਹੁੰਚ ਨਹੀਂ ਰਿਹਾ। ਪਿੱਛੇ ਜਿਹੇ ਪਤਾ ਲੱਗਾ ਕਿ ਗੁਰਦਿਆਲ ਸਿੰਘ ਦੇ ਨਾਵਲ ਪਰਸਾ ਦੀ ਚਾਰ ਜਾਂ ਪੰਜ ਸੌ ਕਾਪੀ ਛਪੀ ਹੈ ਤਾਂ ਕਿਸੇ ਨੂੰ ਉਸ ਬਾਰੇ ਪਤਾ ਨਹੀਂ। ਇਹ ਪੰਜਾਬੀ ਸਾਹਿਤ ਦੀ ਸਥਿਤੀ ਹੈ। ਇਨਾਮ ਖੋਖਲੇਪਨ ਵਿਚੋਂ ਆ ਰਹੇ ਹਨ ਜਾਂ ਨਹੀਂ ਅਸੀਂ ਇਹ ਤੁਹਾਥੋਂ ਜਾਣਨਾ ਚਾਹੁੰਦੇ ਸੀ ਪਰ ਤੁਸੀਂ ਇਹ ਕਹਿ ਕੇ ਕਿ ਇਸ ਲਈ ਕਿਸੇ ਥਿਊਰੀ ਦੀ ਜ਼ਰੂਰਤ ਨਹੀਂ, ਇਸ ਪਰਚੇ ਦਾ ਮੰਤਵ ਇਸ ਸਾਰੀ ਕਾਨਫਰੰਸ ਵਿਚੋਂ ਮਨਫੀ ਕਰ ਲਿਆ ਹੈ। ਸ਼ੁਕਰੀਆ।

ਸੁਖਵੰਤ: ਜੋ ਕੁਝ ਸਾਧੂ ਨੇ ਬੜੇ ਵਧੀਆ ਢੰਗ ਨਾਲ ਕਿਹਾ ਹੈ ਥਿਊਰੀ ਬਾਰੇ, ਮੈਂ ਉਸਦੇ ਬਾਰੇ ਗੱਲ ਨਹੀਂ ਕਰਾਂਗਾ। ਸੱਭ ਤੋਂ ਪਹਿਲੀ ਗੱਲ ਇਹ ਹੈ ਕਿ ਪਰਚਾ ਬੜਾ ਦਿਲਚਸਪ ਸੀ। ਮੇਰੇ ਖਿਆਲ ਵਿਚ ਇਸ ਪਰਚੇ ਦਾ ਸਭ ਤੋਂ ਵਧੀਆ ਪੁਆਇੰਟ ਇਹ ਹੈ ਤੁਸੀਂ ਦੱਸਿਆ ਹੈ ਕਿ ਇਹ ਦੇਖਣਾ ਚਾਹੀਦਾ ਹੈ ਕਿ ਇਨਾਮ ਦੇਣ ਵਾਲੀਆਂ ਸੰਸਥਾਵਾਂ ਕੌਣ ਹਨ ਤੇ ਉਨ੍ਹਾਂ ਦੇ ਹਿੱਤ ਕੀ ਹਨ? ਪਰ ਮੈਨੂੰ ਲੱਗਦਾ ਹੈ ਕਿ ਤੁਹਾਨੂੰ ਕੋਈ ਨਾ ਕੋਈ ਥਿਊਰੀ ਜਾਂ ਵਰਲਡਵਿਊ ਅਪਣਾਉਣਾ ਪਵੇਗਾ ਤਾਂ ਕਿ ਹਾਲਾਤ ਦਾ ਪੂਰੀ ਤਰ੍ਹਾਂ ਵਿਸ਼ਲੇਸ਼ਣ ਕਰ ਸਕੋ। ਜਿਵੇਂ ਕਿ ਪਰਚੇ ਵਿਚ ਇਕ ਸਟੇਟਮੈਂਟ ਹੈ ਕਿ ਕਈ ਇਨਾਮ ਬੜੇ ਠੋਸ ਹੁੰਦੇ ਹਨ। ਇਨ੍ਹਾਂ ਨੇ ਖੇਡਾਂ ਦੀ ਉਦਾਹਰਣ ਦਿੱਤੀ ਹੈ। ਪਰ ਜੇਕਰ ਤੁਸੀਂ ਕੋਈ ਥਿਊਰੀ ਵਰਤੋ ਤਾਂ ਤੁਹਾਨੂੰ ਹਕੀਕਤ ਦੇ ਥੱਲੇ ਵੀ ਸੱਭ ਕੁਝ ਦਿਖਾਈ ਦੇ ਸਕਦਾ ਹੈ। ਉਦਾਹਰਣ ਦੇ ਤੌਰ ਤੇ ਲੋਕ ਉਲੰਪਿਕ ਦੌੜ ਲਾਉਂਦੇ ਹਨ ਪਰ ਉਸ ਵਿਚ ਵੀ ਉਹੀ ਦੇਸ਼ ਫ਼ਸਟ ਆਉਂਦੇ ਹਨ ਜਿਨ੍ਹਾਂ ਦੀ ਜੀ. ਐਨ. ਪੀ. ਦੂਜੇ ਮੁਲਕਾਂ ਤੋਂ ਅੱਗੇ ਹੈ। ਜੇਕਰ ਅਮਰੀਕਾ ਇਕ ਮਿਲੀਅਨ ਡਾਲਰ ਲਗਾ ਸਕਦਾ ਹੈ ਇਕ ਐਥਲੀਟ ਨੂੰ ਤਿਆਰ ਕਰਨ ਲਈ ਤੇ ਉਸਦੇ ਮੁਕਾਬਲੇ ਇਕ ਗਰੀਬ ਦੇਸ਼ ਆਪਣੇ ਐਥਲੀਟ ਦਾ ਕਿਰਾਇਆ ਵੀ ਨਹੀਂ ਲਗਾ ਸਕਦਾ ਜਾਂ ਟਰੈਕ ਸੂਟ ਵੀ ਨਹੀਂ ਲੈ ਕੇ ਦੇ ਸਕਦਾ ਤਾਂ ਜਦੋਂ ਫੇਰ ਅਮਰੀਕਾ ਦਾ ਐਥਲੀਟ ਇਨਾਮ ਹਾਸਲ ਕਰਦਾ ਹੈ ਤਾਂ ਉਹ ਇਨਾਮ ਠੋਸ ਹਕੀਕਤ ਨਹੀਂ ਰਹਿ ਜਾਂਦਾ। ਸੋ ਹਕੀਕਤ ਦੇ ਥੱਲੇ ਦੇਖਣ ਲਈ ਕੋਈ ਨਾ ਕੋਈ ਥਿਊਰੀ ਵਰਤਣੀ ਹੀ ਪੈਣੀ ਹੈ। ਇਨਾਮਾਂ ਦਾ ਸਾਰਾ ਚੱਕਰ ਪੰਜਾਬੀ ਸਮਾਜ ਅੰਦਰਲੇ ਭ੍ਰਿਸ਼ਟਾਚਾਰ ਵਿਚੋਂ ਆ ਰਿਹਾ ਹੈ। ਇਸਨੂੰ ਸਮਝਣ ਲਈ ਭ੍ਰਿਸ਼ਟਾਚਾਰ ਦੇ ਕਾਰਨ ਦੇਖਣੇ ਪੈਣਗੇ। ਉਸਦੇ ਖਾਸੇ ਨੂੰ ਸਮਝ ਕੇ ਹੀ ਅਸੀਂ ਕੋਈ ਨਤੀਜਾ ਕੱਢ ਸਕਾਂਗੇ ਜਾਂ ਕੋਈ ਗੱਲ ਕਰ ਸਕਾਂਗੇ। ਫਿਰ ਆਪਾਂ ਇਹ ਵੀ ਸਮਝ ਸਕਾਂਗੇ ਕਿ ਸੰਤ ਰਾਮ ਉਦਾਸੀ ਨੂੰ ਇੰਟੈਰੋਗੇਸ਼ਨ ਸੈਂਟਰ ਵਿਚ ਪੁੱਠਾ ਟੰਗਿਆ ਗਿਆ ਸੀ ਉਦੋਂ ਉਹਨੇ ਕੋਈ ਇਨਾਮ ਨਹੀਂ ਸਵੀਕਾਰ ਕੀਤਾ ਜਾਂ ਐਸਟੈਬਲਿਸ਼ਮੈਂਟ ਨਾਲ ਸਮਝੌਤਾ ਨਹੀਂ ਕੀਤਾ। ਪਰ ਬਾਅਦ ਵਿਚ ਮੂਵਮੈਂਟ ਫੇਲ੍ਹ ਹੋਣ ਮਗਰੋਂ ਉਸਨੂੰ ਜਸਦੇਵ ਸਿੰਘ ਜੱਸੋਵਾਲ ਪੈਸਿਆਂ ਨਾਲ ਤੋਲਦਾ ਹੈ ਤੇ ਉਹ ਉਸਨੂੰ ਸਵੀਕਾਰ ਕਰ ਲੈਂਦਾ ਹੈ। ਮੈਂ ਸੰਤ ਰਾਮ ਉਦਾਸੀ ਦੇ ਵਿਰੁੱਧ ਨਹੀਂ ਬੋਲ ਰਿਹਾ ਪਰ ਮੈਂ ਇਹ ਕਹਿ ਰਿਹਾ ਹਾਂ ਕਿ ਇਸਦੇ ਕਾਰਨ ਸਮਝਣੇ ਚਾਹੀਦੇ ਹਨ। ਇਸ ਲਈ ਆਪਾਂ ਨੂੰ ਕੋਈ ਨਾ ਕੋਈ ਢੰਗ, ਥਿਊਰੀ ਜਾਂ ਵਿਧੀ ਅਪਣਾ ਕੇ ਹੀ ਕੋਈ ਨਿਰਣਾ ਕੱਢ ਸਕਾਂਗੇ।

ਅਜਮੇਰ ਰੋਡੇ: ਮੇਰਾ ਖਿਆਲ ਹੈ ਕਿ ਜਗਰੂਪ ਤੋਂ ਲੈ ਕੇ ਸੁਖਵੰਤ ਤੱਕ ਨੇ ਐਕਸਪ੍ਰੈਸ ਕਰ ਦਿੱਤਾ ਹੈ ਕਿ ਕੁਝ ਕਲੀਅਰ ਨਹੀਂ ਸਾਹਮਣੇ ਆ ਰਿਹਾ ਕਿ ਇਨਾਮ ਲੈਣੇ ਦੇਣੇ ਚੰਗੀ ਗੱਲ ਹੈ ਜਾਂ ਮਾੜੀ। ਪਰ ਇਸ ਦੇ ਬਾਵਜੂਦ ਮੈਨੂੰ ਇਸ ਪਰਚੇ ਦੀ ਬੜੀ ਐਪਰੀਸੀਏਸ਼ਨ ਹੈ। ਸਾਧੂ ਨਾਲ ਮੈਂ ਥੋੜ੍ਹਾ ਡਿਫਰ ਕਰਦਾ ਹਾਂ। ਮੇਰਾ ਖਿਆਲ ਹੈ ਇਹ ਐਨਿਲੀਟੀਕਲ ਪਰਚਾ ਹੈ। ਇਸ ਵਿਚ ਫੈਕਟਸ, ਡੀਟੇਲਜ਼ ਹਨ ਜੋ ਬੜੀਆਂ ਮਹੱਤਵਪੂਰਨ ਗੱਲਾਂ ਹਨ। ਉਹ ਗੱਲਾਂ ਤੁਹਾਨੂੰ ਜਾਂ ਦੋ ਚਾਰ ਬੰਦਿਆਂ ਨੂੰ ਪਤਾ ਹਨ ਤਾਂ ਜ਼ਰੂਰੀ ਨਹੀਂ ਕਿ ਸਾਰਿਆਂ ਨੂੰ ਉਨ੍ਹਾਂ ਦਾ ਪਤਾ ਹੋਵੇ। ਜੋ ਮੈਨੂੰ ਸੱਭ ਤੋਂ ਵੱਡੀ ਟਰੈਜਡੀ ਲੱਗਦੀ ਹੈ ਕਿ ਜਿਹੜੇ ਪਾਪੂਲਰ ਲੇਖਕ ਨੂੰ ਇਨਾਮ ਮਿਲਦਾ ਹੈ ਉਹ ਲੇਖਕ ਜਾਂ ਲੇਖਿਕਾ ਲੋਕਾਂ ਕਰਕੇ ਪਾਪੂਲਰ ਹੋਈ ਹੁੰਦੀ ਹੈ। ਸਰਕਾਰ ਉਸ ਪਾਪੂਲਰਟੀ ਨੂੰ ਬੜੇ ਸੌਖੇ ਤਰੀਕੇ ਨਾਲ ਖਰੀਦ ਲੈਂਦੀ ਹੈ। ਬਹੁਤੇ ਕੇਸਾਂ ਵਿਚ ਲੇਖਕ ਜਾਂ ਆਰਟਿਸਟ ਵੱਲੋਂ ਇਹ ਧ੍ਰੋਹ ਹੈ ਜੇਕਰ ਉਹ ਇਨਾਮਯੋਗ ਨਹੀਂ। ਕਿਉਂਕਿ ਉਸਨੂੰ ਪਾਪੂਲੈਰਟੀ ਲੋਕਾਂ ਨੇ ਦਿੱਤੀ ਹੈ ਤੇ ਉਸਨੇ ਉਹ ਅਗਾਂਹ ਵੇਚ ਦਿੱਤੀ ਹੈ। ਇਹ ਗੱਲ ਪੁਰਾਣੀਆਂ ਸਭਿਤਾਵਾਂ ਤੋਂ ਤੁਰੀ ਆ ਰਹੀ ਹੈ। ਕਾਲੀਦਾਸ ਨੌਂਵਾਂ ਰਤਨ ਸੀ ਜਿਵੇਂ। ਸੋ ਤਕਰੀਬਨ ਸਾਰੇ ਪਾਪੂਲਾਰ ਲੇਖਕਾਂ ਨੂੰ ਸਰਕਾਰਾਂ ਨੇ ਖਰੀਦਣ ਦੀ ਕੋਸ਼ਿਸ਼ ਕੀਤੀ ਹੈ। ਕਈ ਕੇਸਾਂ ਵਿਚ ਉਹ ਫੈਸਲੇ ਯੋਗ ਵੀ ਹੋਣਗੇ ਪਰ ਬਹੁਤਿਆਂ ਵਿਚ ਸ਼ਾਇਦ ਪਾਪੂਲੈਰਟੀ ਖਰੀਦਣ ਵਾਲੀ ਗੱਲ ਹੋਵੇਗੀ। ਮੇਰੇ ਖਿਆਲ ਵਿਚ ਇਨਾਮ ਦਾ ਸੱਭ ਤੋਂ ਵੱਡਾ ਫਾਇਦਾ ਤਾਂ ਕਿਤਾਬ ਦੇ ਡਿਸਟ੍ਰੀਬਿਊਟ ਹੋਣ ਦਾ ਹੁੰਦਾ ਹੈ। ਜਿਵੇਂ ਨੋਬਲ ਪਰਾਈਜ਼ ਵਾਲੀ ਕਿਤਾਬ ਬਹੁਤ ਤਾਦਾਦ ਵਿਚ ਵਿਕ ਜਾਂਦੀ ਹੈ। ਗੁਰਦਿਆਲ ਸਿੰਘ ਨਾਲ ਮੇਰੀ ਗੱਲ ਹੋਈ ਸੀ ਉਹ ਮੇਰੇ ਨਾਲ ਇਸ ਬਾਰੇ ਸਹਿਮਤ ਹਨ। ਸਾਰਾ ਪਰਚਾ ਬੜੀ ਮਰਦਾਵੀਂ ਸੁਰ ਵਿਚ ਹੈ। ਵੈਸੇ ਤਾਂ ਇਨਾਮਾਂ ਨੂੰ ਵੀ ਮਰਦ ਹੀ ਕੰਟਰੋਲ ਕਰਦੇ ਹਨ ਤੇ ਮਰਦ ਹੀ ਇਨਾਮ ਲੈਂਦੇ ਜਾਂ ਪਰਚੇ ਲਿਖਦੇ ਹਨ। ਫਿਰ ਵੀ ਇਨਾਮਾਂ ਵਾਲਿਆਂ ਵਿਚ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਦਲੀਪ ਕੌਰ ਟਿਵਾਣਾ, ਮਨਜੀਤ ਟਿਵਾਣਾ ਆਦਿ ਵੀ ਸ਼ਾਮਿਲ ਹਨ। ਸੋ ਇਹ ਪੱਖ ਵੀ ਸ਼ਾਮਿਲ ਕਰਨਾ ਚਾਹੀਦਾ ਸੀ ਤਦੇ ਹੀ ਡਿਸਕਸ਼ਨ ਕੰਪਲੀਟ ਹੋ ਸਕਦੀ ਹੈ। ਥੈਂਕਯੂ।

ਬਲਰਾਜ ਚੀਮਾ: ਜੁਗਿੰਦਰ ਸ਼ਮਸ਼ੇਰ ਦਾ ਪਰਚਾ ਮੈਂ ਧਿਆਨ ਨਾਲ ਸੁਣਿਆ ਹੈ, ਇਸਨੇ ਮੇਰੀ ਜਾਣਕਾਰੀ ਵਿਚ ਵਾਧਾ ਕੀਤਾ ਹੈ। ਇਹ ਇਨ੍ਹਾਂ ਦੀ ਰੀਸਰਚ ਕਹਿ ਲਉ ਜਾਂ ਘਾਲ ਕਹਿ ਲਉ। ਜੇਕਰ ਅਸੀਂ ਇਸ ਇਨਾਮ ਦੇਣ ਦੀ ਰੀਤੀ ਨੂੰ ਸਲਾਹੁੰਦੇ ਨਹੀਂ ਤਾਂ ਇਹ ਕੋਈ ਗੈਰ ਕੁਦਰਤੀ ਗੱਲ ਨਹੀਂ। ਹਿਸਟੌਰੀਕਲੀ ਹੁਣ ਤੱਕ ਇਹ ਰੀਤੀ ਕਾਫ਼ੀ ਬਦਨਾਮ ਹੋ ਚੁੱਕੀ ਹੈ। ਇਸ ਪਰਚੇ ਵਿਚ ਇਨ੍ਹਾਂ ਨੇ ਖਿਤਾਬ ਤੇ ਅਵਾਰਡ ਦੋ ਸ਼ਬਦ ਵਰਤੇ ਹਨ ਤੇ ਮੈਂ ਇਨ੍ਹਾਂ ਨੂੰ ਦੋ ਵੱਖਰੇ ਸ਼ਬਦ ਸਮਝਦਾ ਹਾਂ। ਖਿਤਾਬ ਕਿਸੇ ਵੱਲੋਂ ਜਾਂ ਵੱਡੀ ਤਾਕਤ ਵੱਲੋਂ ਕਿਸੇ ਵਿਅਕਤੀ ਦੀ ਝੋਲੀ ਚੁੱਕ ਜਾਂ ਖ਼ੁਸ਼ਾਮਦੀ ਕਰਕੇ ਉਸਦੇ ਨਾਮ ਨਾਲ ਜੋੜ ਦਿੱਤਾ ਜਾਂਦਾ ਹੈ। ਉਸ ਵਿਚ ਪੈਸਾ ਉਸ ਤਰ੍ਹਾਂ ਇਨਵੋਲਵ ਨਹੀਂ ਹੁੰਦਾ, ਜਾਗੀਰ ਦੇ ਦਿੱਤੀ ਜਾਂਦੀ ਹੈ। ਲੇਕਿਨ ਜੋ ਐਵਾਰਡ ਜਾਂ ਇਨਾਮ ਦੇ ਕੰਟੈਕਸਟ ਵਿਚ ਆਪਾਂ ਗਲ ਕਰ ਰਹੇ ਹਾਂ ਉਹ ਸਿਰਫ ਕਿਸੇ ਬੰਦੇ ਦੀ ਲੰਮੀ ਜਾਂ ਛੋਟੀ ਦੇਣ ਨੂੰ ਮੁੱਖ ਰੱਖਕੇ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਵੱਖਰੀ ਗੱਲ ਹੈ ਥਿ ਇਹ ਸਾਰੇ ਦਾ ਸਾਰਾ ਇੰਸਟੀਚਿਊਸ਼ਨ ਬੁਰੀ ਤਰ੍ਹਾਂ ਦੁਰਵਰਤੋਂ ਦਾ ਸ਼ਿਕਾਰ ਹੋਇਆ। ਲੋਕਾਂ

ਨੇ ਕੋਲੋਂ ਪੈਸੇ ਦੇਕੇ ਆਪਣੇ ਆਪ ਨੂੰ ਐਵਾਰਡ ਦੇਣ ਲਈ ਵੀ ਪਰਪੰਚ ਰਚੇ ਹਨ। ਮੈਂ ਸ਼ਮਸ਼ੇਰ ਹੁਰਾਂ ਨੂੰ ਅਰਜ਼ ਕਰਾਂਗਾ ਕਿ ਉਹ ਕਲੀਅਰ ਕਰਨ ਕਿ ਉਹ ਖਿਤਾਬ ਤੇ ਐਵਾਰਡ ਨੂੰ ਇਕੋ ਗੱਲ ਤਾਂ ਨਹੀ ਸਮਝ ਰਹੇ। ਜੇ ਨਹੀ ਸਮਝ ਰਹੇ ਤਾਂ ਇਸ ਦਾ ਥੋੜ੍ਹਾ ਹੋਰ ਵਿਸ਼ਲੇਸ਼ਣ ਕਰ ਦੇਣਾ ਵਧੀਆ ਰਹੇਗਾ। ਧੰਨਵਾਦ।

ਦਲਜੀਤ ਸਿੱਧੂ: ਇਹ ਪਰਚਾ ਸਿਰਫ ਜਾਣਕਾਰੀ ਦਾ ਹੀ ਸਾਧਨ ਹੋ ਨਿਬੜਿਆ ਹੈ। ਜਿਵੇਂ ਇਨ੍ਹਾਂ ਨੇ ਕਲਾ ਕ੍ਰਿਤ ਜਾਂ ਵਿਸ਼ਵ ਸੁੰਦਰੀ ਆਦਿ ਦੀ ਗੱਲ ਕੀਤੀ ਹੈ ਉਹ ਇਸ ਮਸਲੇ ਵਿਚ ਨਹੀ ਆਉਂਦੇ। ਉਨ੍ਹਾਂ ਇਨਾਮਾਂ ਦਾ ਅਸੀ ਸਾਹਿਤ ਨਾਲ ਕੋਈ ਗੱਠ ਜੋੜ ਨਹੀ ਬੰਨਦੇ। ਜਿੱਥੋਂ ਤੱਕ ਗੈਰ ਵਾਜਬ ਢੰਗ ਨਾਲ ਇਨਾਮ ਲੈਣ ਦੀ ਪ੍ਰਥਾ ਦਾ ਸਬੰਧ ਹੈ ਉਸ ਬਾਰੇ ਪਰਚੇ ਵਿਚ ਤਾਂ ਬਹੁਤ ਖੁੱਲ੍ਹ ਕੇ ਦੱਸਿਆ ਹੈ। ਪਰ ਇਸ ਨੂੰ ਰੋਕਣ ਲਈ ਕੀ ਹੋਣਾ ਚਾਹੀਦਾ ਹੈ ਜਾਂ ਜਿਹੜੇ ਲੇਖਕਾਂ ਦੀ ਪ੍ਰਤੀਬੱਧਤਾ ਸੱਚ ਨਾਲ ਜੁੜੀ ਹੋਣੀ ਚਾਹੀਦੀ ਹੈ ਉਨ੍ਹਾਂ ਦੀ ਕੀ ਸੇਧ ਹੋਣੀ ਚਾਹੀਦੀ ਹੈ। ਉਸ ਬਾਰੇ ਪਰਚੇ ਵਿਚ ਕਿਤੇ ਗੱਲ ਨਹੀ ਹੋਈ। ਜਿਹੜੇ ਲੇਖਕ ਸੱਚ ਲਈ ਲੜੇ ਤੇ ਲੋੜ ਵੇਲੇ ਲੋਕਾਂ ਨੇ ਉਨ੍ਹਾਂ ਨੂੰ ਆਪਣੀ ਬੁੱਕਲ ਵਿਚ ਜਗ੍ਹਾ ਦਿੱਤੀ, ਜੋ ਕਿ ਉਨ੍ਹਾਂ ਦਾ ਸਹੀ ਸਨਮਾਨ ਸੀ ਬਾਰੇ ਪਰਚੇ ਵਿਚ ਕੋਈ ਗੱਲ ਨਹੀ ਹੋਈ। ਸਿਰਫ ਕਦਰ ਗੁਆ ਚੁੱਕੇ ਸਾਹਿਤਕਾਰਾਂ ਬਾਰੇ ਜਾਣਕਾਰੀ ਦਾ ਹੀ ਸਾਧਨ ਹੋ ਨਿਬੜਿਆ ਹੈ। ਥੈਂਕਯੂ।

ਕੁਲਵੰਤ ਢੱਲਾ: ਬੜਾ ਸੁੰਦਰ ਵਿਸ਼ਾ ਹੈ ਜਿਸ ਉਪਰ ਸ਼ਮਸ਼ੇਰ ਸਾਹਿਬ ਬੋਲੇ ਹਨ। ਜਦੋਂ ਇਹ ਬੋਲ ਰਹੇ ਸਨ ਤਾਂ ਮੈਨੂੰ ਇਕ ਗੱਲ ਯਾਦ ਆਈ ਕਿ ਲੋਕੀ ਕਹਿੰਦੇ ਹਨ ਕਿ ਇਨਾਮ ਦੀ ਤਾਂ ਚੁਪੇੜ ਵੀ ਮਾੜੀ ਨਹੀਂ ਹੁੰਦੀ। ਇਨਾਮ ਇਕ ਐਸਾ ਸ਼ਬਦ ਹੈ ਜਿਸ ਨਾਲ ਮਨੁੱਖ ਹਮੇਸਾਂ ਖੁਸ਼ੀ ਪ੍ਰਾਪਤ ਕਰਦਾ ਹੈ। ਇਹ ਠੀਕ ਹੈ ਕਿ ਜੋ ਪਰਚਾ ਸ਼ਮਸ਼ੇਰ ਹੁਰਾਂ ਪੜ੍ਹਿਆ ਹੈ ਉਹ ਮੇਰੇ ਕੁਝ ਉੱਚ ਪੱਧਰ ਦੇ ਸਾਹਿਤਕ ਦੋਸਤਾਂ ਦੀ ਪੱਧਰ ਦਾ ਨਾ ਹੋਵੇ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਜੇਕਰ ਸਰੋਤੇ ਜਾਂ ਸਾਧਾਰਨ ਆਦਮੀ ਉਸ ਪਰਚੇ ਨੂੰ ਨਹੀ ਸਮਝਦਾ ਤਾਂ ਉਹ ਉਨ੍ਹਾਂ ਦੇ ਸਿਰ ਉਪਰੋਂ ਹਵਾਈ ਜਹਾਜ਼ ਉੱਡ ਜਾਣ ਵਾਲੀ ਗੱਲ ਹੈ। ਮੇਰਾ ਵਿਚਾਰ ਹੈ ਕਿ ਕਾਨਫਰੰਸਾਂ ਇਸ ਕਰਕੇ ਨਹੀ ਹੁੰਦੀਆਂ ਕਿ ਕਠਿਨ ਸ਼ਬਦ ਬੋਲੀਏ ਜਾਂ ਕਠਿਨ ਵਿਚਾਰ ਪੇਸ਼ ਕਰੀਏ ਜੋ ਆਮ ਆਦਮੀ ਦੀ ਸੋਚ ਤੋਂ ਬਾਹਰ ਹੋਣ। ਠੀਕ ਹੈ ਉਹੋ ਜਿਹੀ ਚੀਜ਼ ਵੀ ਸਾਨੂੰ ਲੋੜੀਦੀ ਹੈ ਮੈਂ ਉਸਨੂੰ ਅੰਡਰਮਾਈਨ ਨਹੀ ਕਰਦਾ। ਪਰ ਮੈਂ ਸਮਝਦਾ ਹਾਂ ਕਿ ਸਾਧਾਰਨ ਆਦਮੀ ਨੂੰ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ। ਇਹ ਠੀਕ ਹੈ ਕਿ ਸ਼ਮਸ਼ੇਰ ਸਾਹਿਬ ਨੇ ਆਪਣਾ ਕੋਈ ਖਾਸ ਨਿਰਣਾ ਸਾਡੇ ਸਾਹਮਣੇ ਨਹੀ ਲਿਆਂਦਾ। ਹੋ ਸਕਦਾ ਹੈ ਕਿ ਉਹ ਨਿਰਣਾ ਸਾਡੇ ਅੰਦਰੋਂ ਕੱਢਣਾ ਚਾਹੁੰਦੇ ਹੋਣ ਕਿ ਅਸੀ ਕੀ ਮਹਿਸੂਸ ਕਰਦੇ ਹਾਂ। ਦਾਲ ਵਿਚ ਕਾਲਾ ਨਜ਼ਰ ਆਉਣ ਦੀ ਬਜਾਏ ਸਾਰੀ ਦਾਲ ਹੀ ਕਾਲੀ ਹੋਣ ਵਾਲੀ ਗੱਲ ਹੋਈ ਹੋਈ ਹੈ ਪੰਜਾਬ ਵਿਚ ਭ੍ਰਿਸ਼ਟਾਚਾਰ ਵਾਲੀ। ਸਾਨੂੰ ਇਹ ਵੀ ਦੁੱਖ ਹੈ ਕਿ ਸਾਡੇ ਕੁਝ ਇਨਾਮ ਪਾਉਣ ਵਾਲੇ ਬੰਦੇ ਪੈਸੇ ਹੱਥੋਂ ਖੂਹ ਵਿਚ ਡੁੱਬ ਕੇ ਮਰ ਗਏ। ਮੇਰੀ ਮੁਰਾਦ ਨੰਦ ਲਾਲ ਨੂਰਪੁਰੀ ਤੋਂ ਹੈ। ਮੇਰਾ ਵਿਚਾਰ ਹੈ ਕਿ ਲੇਖਕ ਹਮੇਸ਼ਾਂ ਗਰੀਬੀ ਦੀ ਚੱਕੀ ਵਿਚ ਹੀ ਪਿਸਦੇ ਨਹੀਂ ਰਹਿਣੇ ਚਾਹੀਦੇ। ਜੇਕਰ ਚਾਰ ਪੈਸੇ ਭਾਵੇਂ ਉਹ ਸਰਕਾਰ ਦੀ ਗੁਥਲੀ ਵਿਚੋਂ ਨਿਕਲੇ ਹਨ ਜਾਂ ਕਿਸੇ ਅਮੀਰ ਦੀ ਗੁਥਲੀ ਵਿਚੋਂ ਨਿਕਲੇ ਹਨ ਮੈਨੂੰ ਉਸ ਉਪਰ ਕੋਈ ਇਤਰਾਜ਼ ਨਹੀ। ਕਿਤਨਾ ਚੰਗਾ ਹੋਵੇ ਜੇਕਰ ਉਥੇ ਦੀਆਂ ਯੂਨੀਵਰਸਿਟੀਆਂ ਦੇ ਹੈੱਡ ਆਫ ਡਿਪਾਰਟਮੈਂਟ ਕੋਈ ਬਾਡੀ ਐਸਟੈਬਲਿਸ਼ ਕਰਨ ਜੋ ਇਨਾਮ ਦੇਣ ਵਾਲੀਆਂ ਸੰਸਥਾਵਾਂ ਦੀ ਹੈਲਪ ਕਰਨ। ਵਿਦਅਕ ਅਦਾਰਿਆਂ ਨੂੰ ਮੈਂ ਉੱਚ ਪੱਧਰ ਦੇ ਗਿਣਦਾ ਹਾਂ। ਸੋ ਸ਼ਮਸ਼ੇਰ ਸਾਹਿਬ ਨੂੰ ਮੈਂ ਕਹਾਂਗਾ ਕਿ ਇਹ ਗੱਲ ਆਪਣੇ ਪੇਪਰ ਵਿਚ ਐਡ ਕਰ ਲੈਣ। ਥੈਂਕ ਯੂ।

ਇਕਬਾਲ ਰਾਮੂਵਾਲੀਆਂ: ਮੈਂ ਪਰਚੇ ਬਾਰੇ ਘੱਟ ਗੱਲ ਕਰਨੀ ਹੈ ਪਰ ਜੋ ਕੁਝ ਲੋਕਾਂ ਨੇ ਕੁਮੈਂਟਸ ਦਿੱਤੇ ਹਨ ਉਸ ਬਾਰੇ ਗੱਲ ਕਰਾਂਗਾ। ਮੇਰੇ ਖਿਆਲ ਵਿਚ ਗੁਰਬਚਨ ਨੇ ਲੇਖ ਲਿਖਿਆ ਸੀ ਕਿ ਸਾਹਿਤ ਵਿਚ ਵੀ ਲੰਬੀ ਚੱਲਣ ਲੱਗ ਪਈ ਹੈ। ਮੈਂ ਉਸ ਨਾਲ 100 ਫੀ ਸਦੀ ਸਹਿਮਤ ਹਾਂ। ਮੀਡੀਏ ਨੇ ਇਨਸਾਨ ਦੀ ਸ਼ੁਹਰਤ ਲਈ ਭੁੱਖ ਬੜੀ ਤੇਜ਼ ਕਰ ਦਿੱਤੀ ਹੈ। ਜਿਸ ਕਿਤਾਬ 'ਕੱਚ ਦੇ ਵਸਤਰ' ਉਪਰ ਮੀਸ਼ੇ ਨੂੰ ਇਨਾਮ ਮਿਲਿਆ ਸੀ, ਉਸ ਵਿਚ ਇਕ ਗਜ਼ਲ ਹੈ ਕਿ 'ਸੁੱਖਾ ਪੀਕੇ ਗੱਤਕਾ ਖੇਡਣ ਜਦੋਂ ਨਿਹੰਗ'। ਸੋ ਮੇਰਾ ਸੁਆਲ ਇਹ ਹੈ ਕਿ ਜੇਕਰ ਮੀਸ਼ਾ ਸਾਹਿਬ ਰੇਡੀਓ ਸਟੇਸ਼ਨ ਉਪਰ ਪੰਜਾਬੀ ਪ੍ਰੋਗਰਾਮ ਦੇ ਪ੍ਰੋਡਿਊਸਰ ਨਾ ਹੁੰਦੇ ਤੱਦ ਵੀ ਉਨ੍ਹਾਂ ਨੂੰ ਇਹ ਇਨਾਮ ਮਿਲਦਾ? ਮੇਰਾ ਖਿਆਲ ਨਹੀਂ ਸੀ ਮਿਲਣਾ। ਹਰਭਜਨ ਹਲਵਾਰਵੀ ਮੇਰਾ ਬੜਾ ਪਿਆਰਾ ਦੋਸਤ ਹੈ ਮੈਂ ਉਸਨੂੰ ਛੁਟਿਆਉਣ ਦੀ ਕੋਸ਼ਿਸ਼ ਨਹੀ ਕਰ ਰਿਹਾ। ਪਰ ਜੇ ਉਹ ਪੰਜਾਬੀ ਟ੍ਰੀਬਿਊਨ ਅਖਬਾਰ ਦਾ ਐਡੀਟਰ ਨਾ ਹੁੰਦਾ ਤਾਂ ਕੀ ਆਪਾਂ ਸਾਰੇ ਉਸਦਾ ਕੈਨੇਡਾ ਆਏ ਦਾ ਐਨ੍ਹਾਂ ਸਤਿਕਾਰ ਕਰਦੇ?

ਨਿਸ਼ਾਨ ਸਿੰਘ: ਪ੍ਰਧਾਨ ਸਾਹਿਬ, ਪਿਆਰੇ ਸਾਥੀਓ, ਮੈਂ ਇਕਬਾਲ ਹੁਰਾਂ ਦੇ ਨਾਲ ਦੀ ਹੀ ਗੱਲ ਕਹਿਣੀ ਸੀ। ਇਥੇ ਚਾਰ ਮਿੰਟ ਪਰਚੇ ਬਾਰੇ ਪ੍ਰਸ਼ਨ ਉਠਾਉਣ ਲਈ ਜਾਂ ਉਸਦੀ ਸੰਖੇਪ ਵਿਆਖਿਆ ਲਈ ਦਿੱਤੇ ਜਾਂਦੇ ਹਨ ਨਾ ਕਿ ਪ੍ਰਭਾਵਸ਼ਾਲੀ ਬਣਨ ਦੀ ਕੋਸ਼ਿਸ਼ ਕਰਨ ਲਈ। ਉਤਰੀ ਅਮਰੀਕਾ ਦੀ ਇਸ ਪੰਜਾਬੀ ਸਾਹਿਤਕ ਕਾਨਫਰੰਸ ਵਿਚ ਇਹ ਸੇਧ ਮਿਲਣੀ ਚਾਹੀਦੀ ਹੈ ਕਿ ਅਸੀ ਇਥੇ ਦੇ ਚੰਗੇ ਲਿਖਾਰੀਆਂ ਬਾਰੇ ਕੀ ਵਿਚਾਰ ਬਣਾਈਏ ਤੇ ਉਨ੍ਹਾਂ ਨੂੰ ਇਨਾਮ ਦੇਣ ਲਈ ਕੀ ਰੁਚੀ ਅਪਣਾਈਏ। ਇਸ ਬਾਰੇ ਆਉਣ ਵਾਲੇ ਬੁਲਾਰੇ, ਪ੍ਰਬੰਧਕ ਜਾਂ ਸ਼ਮਸ਼ੇਰ ਜੀ ਚਾਨਣਾ ਪਾਉਣ ਦੀ ਕ੍ਰਿਪਾਲਤਾ ਕਰਨ। ਧੰਨਵਾਦ।

ਯੁਵਰਾਜ ਰਤਨ: ਪਹਿਲੀ ਗੱਲ ਤਾਂ ਇਹ ਕਿ ਕਿਸੇ ਵੀ ਕਾਨਫਰੰਸ ਵਿਚ ਜੋ ਪੇਪਰ ਪੜ੍ਹੇ ਜਾਂਦੇ ਹਨ ਉਹ ਉਨ੍ਹਾਂ ਦਾ ਇੰਡ ਨਹੀ ਹੁੰਦਾ, ਉਨ੍ਹਾਂ ਦੀ ਸ਼ੁਰੂਆਤ ਹੁੰਦੀ ਹੈ। ਇਹ ਇਕ ਲਕੀਰ ਖਿੱਚ ਦੇਣੀ ਕਿ ਇਹ ਪਰਚਾ ਅਖਬਾਰ ਵਿਚ ਛਪ ਸਕਦਾ ਹੈ ਪਰ ਇਥੇ ਵਿਚਾਰਨ ਦੇ ਯੋਗ ਨਹੀ, ਅਜਿਹਾ ਨਿਰਣਾ ਐਡੀ ਜਲਦੀ ਕਰ ਲੈਣਾ ਬਹੁਤੀ ਵਧੀਆ ਗੱਲ ਨਹੀ। ਜਦੋਂ ਜਸਵੰਤ ਕੰਵਲ ਇੱਥੇ ਆਇਆ ਕਿ ਢੁਡੀਕੇ ਵਿਚ ਟਰੱਸਟ ਬਣਾਉਣਾ ਹੈ ਤਾਂ ਕਿ ਲੋਕਾਂ ਦੀ ਗਲ ਕਰਨ ਵਾਲੇ ਲੇਖਕ ਦੇ ਜੇ ਬੱਚੇ ਬੀਮਾਰ ਹਨ ਜਾਂ ਉਹ ਭੁੱਖਾ ਮਰਦਾ ਹੈ ਤਾਂ ਉਸਦੀ ਟਰੱਸਟ ਵਿਚੋਂ ਮਦਦ ਹੋ ਸਕੇ। ਅਸੀ ਇਥੇ ਵਿਨੀਪੇਗ ਵਿਚੋਂ ਉਸਨੂੰ ਪੈਸੇ ਇਕੱਠੇ ਕਰ ਕੇ ਦਿੱਤੇ। ਇਨਾਮ ਦੇ ਮਾਰਿਆ ਖੁਸ਼ਵੰਤ ਸਿੰਘ ਨੂੰ ਫਿਰ ਅਜੀਤ ਕੌਰ ਨੂੰ। ਉਦੋਂ ਦਰਸ਼ਨ ਗਿੱਲ ਵੀ ਪਿੱਟਿਆ ਤੇ ਮੈਂ ਵੀ ਪਿੱਟਿਆ। ਮੈਂ ਕਿਹਾ ਇਹ ਇਨਾਮ ਖੁਸ਼ਵੰਤ ਸਿੰਘ ਦੇ ਵਿਸਕੀ ਦੇ ਪਿਆਲੇ ਤੇ ਚਲਾ ਗਿਆ। ਜੋ ਲੇਖਕ ਲੋਕਾਂ ਦੀ ਗਲ ਕਰਦਾ ਉਸਨੂੰ ਈਨਾਮ ਨਹੀ ਮਿਲਿਆ। ਇਨ੍ਹਾਂ ਦਾ ਪੇਪਰ ਇਕ ਸ਼ੁਰੂਆਤ ਹੈ। ਅਸੀਂ ਕੋਸ਼ਿਸ਼ ਇਹ ਕਰਨੀ ਹੈ ਕਿ ਉਸਦੀ ਲਿਖਤ ਨੂੰ ਪੜਚੋਲਿਆ ਜਾਵੇ ਤੇ ਅੱਗੇ ਵਾਸਤੇ ਕਿਸੇ ਕਾਨਫਰੰਸ ਤੇ ਇਸ ਨੂੰ ਆਧਾਰ ਮੰਨ ਕੇ ਗੱਲ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਧੰਨਵਾਦ।

ਸਤਵੰਤ ਦੀਪਕ: ਮੈਨੂੰ ਪਰਚਾ ਬਹੁਤ ਦਿਲਚਸਪ ਲੱਗਾ ਹੈ। ਭਾਵੇਂ ਜਾਣਕਾਰੀ ਦੇ ਪੱਧਰ ਤੇ ਹੀ ਸਹੀ ਪਰ ਇਹ ਤਾਂ ਪਤਾ ਲੱਗਾ ਕਿ ਇਹ ਰੋਗ ਕਿੱਥੋਂ ਤੱਕ ਫੈਲਿਆ ਹੋਇਆ ਹੈ। ਸਾਡੇ ਗਿਆਨ ਵਿਚ ਵਾਧਾ ਹੋਇਆ ਹੈ। ਸਫਾ ਛੇ ਉਪਰ ਉਨ੍ਹਾਂ ਨੇ ਲਿਸਟ ਵਿਚ ਕੈਨੇਡਾ ਵਿਚ 'ਇਆਪਾ' ਤੇ 'ਮਨਜੀਤ ਯਾਦਗਾਰੀ

ਐਵਾਰਡ' ਦਾ ਜ਼ਿਕਰ ਕੀਤਾ ਹੈ, ਮੇਰੀ ਸੂਚਨਾ ਮੁਤਾਬਕ ਪਿਛੇ ਜਹੇ ਟਰਾਂਟੋ ਵਿਚ ਤੂੰਬੀ ਦੇ ਇਕ ਗਾਇਕ ਨੂੰ ਵਾਰਿਸ ਸ਼ਾਹ ਦਾ ਇਨਾਮ ਦੇ ਕੇ ਸਨਮਾਨਿਆ ਗਿਆ ਤੇ ਉਹ ਵੀ ਸਾਡੇ ਕੁਝ ਨਾਮਵਰ ਸ਼ਾਇਰਾਂ ਦੀ ਹਾਜ਼ਰੀ ਵਿਚ। ਜੇ ਵਾਰਿਸ ਸ਼ਾਹ ਜਿਉਂਦਾ ਹੁੰਦਾ ਤਾਂ ਇਹ ਖਬਰ ਪੜ੍ਹਕੇ ਉਸਨੂੰ ਸੁਇਸਾਈਡ ਕਰਨਾ ਪੈਂਦਾ। ਧੰਨਵਾਦ।

ਜੁਗਿੰਦਰ ਸ਼ਮਸ਼ੇਰ ਦੇ ਜੁਆਬ:

ਤਕਰੀਬਨ 13-14 ਦੋਸਤਾਂ ਨੇ ਕਿੰਤੂ ਕੀਤਾ ਹੈ। ਮੇਰੇ ਖਿਆਲ ਵਿਚ ਪਰਚੇ ਨੂੰ ਧਿਆਨ ਨਾਲ ਨਹੀ ਸੁਣਿਆਂ ਗਿਆ, ਦਿਮਾਗ ਉਪਰ ਪਹਿਲਾਂ ਬੈਠੀਆਂ ਗੱਲਾਂ ਦੇ ਆਧਾਰ ਤੇ ਹੀ ਨਿਰਣੇ ਬਣਾ ਲਏ ਹਨ।

ਸਫਾ 1 ਉਪਰ ਮੈਂ ਕਿਹਾ ਹੈ ਕਿ 'ਮੇਰੇ ਵਿਚਾਰ ਅਨੁਸਾਰ ਐਵਾਰਡ ਦੇਣ ਦਾ ਮੰਤਵ ਕਿਸੇ ਵਿਸ਼ੇਸ਼ ਵਿਅਕਤੀ ਦੀ ਯੋਗਤਾ ਦਾ ਪ੍ਰਗਟ ਰੂਪ ਵਿਚ ਮੁੱਲ ਪਾਉਣਾ ਹੈ। ਇਹ ਐਵਾਰਡ ਲੈਣ ਵਾਲੇ ਦੀ ਮਾਨਸਿਕ ਤੌਰ ਤੇ ਸੰਤੁਸ਼ਟਤਾ ਕਰਨ ਵਿਚ ਸਹਾਇਤਾ ਕਰਦਾ ਹੈ ਕਿ ਵਾਕਿਆ ਹੀ ਉਸ ਵਲੋਂ ਕੀਤਾ ਜਾ ਰਿਹਾ ਕਾਰਜ ਉਚ ਪਾਏ ਦਾ ਹੈ। ਇਹ ਉਸ ਪਿੜ ਵਿਚ ਕੰਮ ਕਰ ਰਹੇ ਹੋਰ ਵਿਅਕਤੀਆਂ ਨੂੰ ਆਪਣੇ ਕਾਰਜ ਵਿਚ ਤੇਜ਼ੀ ਤੇ ਪ੍ਰਪੱਕਤਾ ਲਿਆਉਣ ਲਈ ਵੀ ਪ੍ਰੇਰਦਾ ਹੈ ਤੇ ਸਿਰਜਾਨਤਮਿਕ ਟਾਕਰੇ ਦੀ ਰੁਚੀ ਉਤਪੰਨ ਕਰਦਾ ਹੈ।'

ਸਫਾ 4 ਉਪਰ ਮੈਂ ਕਿਹਾ ਹੈ, 'ਸ਼ਾਖ ਨੂੰ ਬਚਾਈ ਰੱਖਣ ਲਈ ਕਦੀ ਕਦੀ ਯੋਗ ਫੈਸਲੇ ਲਏ ਜਾਂਦੇ ਹਨ। ਕਈ ਵਾਰੀ ਅੱਛੇ ਸਾਹਿਤਕਾਰਾਂ ਨੂੰ ਵੀ ਇਨਾਮ ਮਿਲਦੇ ਹਨ।' ਉਨ੍ਹਾਂ ਬਾਰੇ ਫੇਰ ਆਪਣਾ ਆਪਣਾ ਨਜ਼ਰੀਆ ਹੋ ਸਕਦਾ ਹੈ ਕਿ ਉਹ ਤੁਹਾਡੀ ਨਜ਼ਰ ਵਿਚ ਠੀਕ ਹਨ ਜਾਂ ਕਿਸੇ ਹੋਰ ਦੀ ਨਜ਼ਰ ਵਿਚ ਨਹੀ ਹਨ। ਜਿਵੇਂ ਪ੍ਰੇਮ ਪ੍ਰਕਾਸ਼ ਮੇਰੇ ਨਜ਼ਰੀਏ ਵਿਚ ਯੋਗ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ, ਸੰਤ ਸਿੰਘ ਸੇਖੋਂ, ਰਾਮ ਸਰੂਪ ਅਣਖੀ ਮੇਰੇ ਮੁਤਾਬਕ ਯੋਗ ਸਨ। ਮੈਂ 'ਅਣਗੌਲਿਆ' ਲਫ਼ਜ਼ ਵਰਤਿਆ ਸੀ ਹਰਿੰਦਰ ਮਹਿਬੂਬ ਲਈ, ਜਦੋਂ ਉਸਨੂੰ ਇਨਾਮ ਮਿਲਿਆ ਤਾਂ ਸਾਰੇ ਚੌਂਕੇ। ਉਸਦੀ ਕਵਿਤਾ ਉੱਪਰ 'ਚਿਰਾਗ' ਵਿਚ ਹਰਭਜਨ ਹੁੰਦਲ ਨੇ ਬੜਾ ਖੂਬਸੂਰਤ ਆਰਟੀਕਲ ਲਿਖਿਆ। ਉਸ ਤੋਂ ਪਤਾ ਲਗਦਾ ਹੈ ਕਿ ਹਰਿੰਦਰ ਮਹਿਬੂਬ ਕੋਲ ਕਲਾ ਹੈ, ਜਾਨ ਹੈ।

ਸਫਾ 9 ਉਪਰ, 'ਸਾਹਿਤਕਾਰਾਂ ਦੀ ਆਤਮਾ ਪਵਿੱਤਰ ਤੇ ਬਲਵਾਨ ਬਣਾਈ ਰੱਖਣਾ ਜਰੂਰੀ ਹੈ।' ਮੇਰੇ ਵਿਚਾਰ ਵਿਚ ਜੋ ਪੈਸੇ ਦਾ ਲਾਲਚ ਦੇ ਕੇ ਢਹਿੰਦੀ ਕਲਾ ਵੱਲ ਲਿਜਾਣ ਵਾਲੇ ਇਨਾਮ ਹਨ ਉਨ੍ਹਾਂ ਤੋਂ ਬਚਣ ਦੀ ਲੋੜ ਹੈ। ਜੇ ਸੰਤ ਰਾਮ ਉਦਾਸੀ ਜਾਂ ਨੰਦ ਲਾਲ ਨੂਰਪੁਰੀ ਨੂੰ ਪੈਸੇ ਵੇਲੇ ਸਿਰ ਮਿਲ ਜਾਂਦੇ ਤਾਂ ਉਹ ਸਾਡੇ ਲਈ ਹੋਰ ਸਹਾਈ ਹੁੰਦੇ। ਸਾਹਿਤਕਾਰਾਂ ਦੀ ਆਤਮਾ ਨੂੰ ਪਵਿੱਤਰ ਤੇ ਬਲਵਾਨ ਬਣਾਈ ਰੱਖਣਾ ਜਰੂਰੀ ਹੈ। ਉਨ੍ਹਾਂ ਲਈ ਮਾਨਵਵਾਦੀ ਕਦਰਾਂ ਕੀਮਤਾਂ ਨਾਲ ਸਨੇਹ ਰੱਖਣ ਵਾਲੇ ਸਾਹਿਤਕ ਅਨੁਆਈਆਂ ਵਲੋਂ ਯੋਗ ਐਵਾਰਡ ਸਥਾਪਤ ਕਰਨ ਦੀ ਲੋੜ ਹੈ। ਜਿਹੜੇ ਐਵਾਰਡ ਪਹਿਲਾਂ ਹੀ ਸਥਾਪਿਤ ਹਨ ਉਨ੍ਹਾਂ ਦੀ ਵੀ ਲੋੜ ਹੈ, ਜਾਰੀ ਰੱਖਣੇ ਚਾਹੀਦੇ ਹਨ।' ਕਈ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਲੈ ਕੇ ਕਾਇਮ ਕੀਤੇ ਗਏ ਹਨ ਭਾਵੇਂ ਉਨ੍ਹਾਂ ਨਾਲ ਐਡੀ ਰਾਸ਼ੀ ਧਨ ਨਹੀ ਹੁੰਦਾ। ਪਰ ਉਹ ਆਪਣੀ ਵਿਚਾਰਧਾਰਾ ਵਾਲੇ ਸਾਹਿਤਕਾਰਾਂ ਨੂੰ ਅਗਾਂਹ ਲਿਜਾਣ ਵਿਚ ਮਦਦ ਕਰਦੇ ਹਨ। ਜਿਵੇਂ ਬੱਚੇ ਨੂੰ ਥਾਪੀ ਦੇਣੀ ਹੀ ਕਾਫੀ ਹੁੰਦੀ ਹੈ ਤੇ ਬਰਾਬਰ ਦੇ ਨੂੰ ਸ਼ਾਬਾਸ਼ ਕਹਿਣਾ ਹੀ ਕਾਫੀ ਹੁੰਦਾ ਹੈ ਤੇ ਬਜ਼ੁਰਗ ਨੂੰ ਭਾਵੇਂ ਮੰਜੇ ਉਪਰ ਚਿੱਟੀ ਚਾਦਰ ਵਿਛਾ ਕੇ ਬਿਠਾ ਦੇਣਾ ਹੀ ਕਾਫੀ ਹੁੰਦਾ ਹੈ। ਇਹ ਸਨਮਾਨ ਹੈ। ਮਾਣ ਕਰਨਾ ਹੈ। ਐਵਾਰਡ ਦਾ ਕੋਈ ਖਾਸ ਰੂਪ ਨਹੀ ਤੁਸੀ ਬਣਾ ਸਕਦੇ। ਅੰਗ੍ਰੇਜ਼ਾਂ ਦੇ ਰਾਜ ਵਿਚ ਜਿਵੇਂ ਕੁਈਨ ਦੇ ਨਵੇਂ ਸਾਲ ਦੇ ਐਵਾਰਡ ਹੀ ਕਹੇ ਜਾਂਦੇ ਹਨ। ਖਤਾਬ ਤੋਂ ਸ਼ਾਇਦ ਭਾਵ ਟਾਈਟਲ ਦਾ ਲਿਆ ਜਾਂਦਾ ਹੈ ਭਾਵੇਂ ਜ਼ਰੂਰੀ ਨਹੀ ਕਿ ਉਹ ਝੋਲੀ ਚੁੱਕ ਹੋਣ। ਸਫਾ 10 ਉਪਰ ਮੈਂ ਲਿਖਿਆ ਹੈ ਕਿ ਐਵਾਰਡ ਸਾਹਿਤਕਾਰ ਦੀ ਪ੍ਰਤਿਸ਼ਠਤਾ ਤੇ ਮਾਲੀ ਹਾਲਤ ਉਪਰ ਤਾਂ ਅਸਰ ਅੰਦਾਜ਼ ਹੋ ਸਕਦੇ ਹਨ ਪਰ ਉਸ ਦੀ ਪ੍ਰਤਿਭਾ ਤੇ ਨਹੀਂ। ਸਾਹਿਤਕਾਰ ਏਸ ਕਰਕੇ ਨਹੀ ਲਿਖਦਾ ਕਿ ਉਸਨੂੰ ਕੋਈ ਐਵਾਰਡ ਮਿਲੇ। ਉਹ ਜੋ ਮਹਿਸੂਸ ਕਰਦਾ ਹੈ ਉਸਨੂੰ ਪੇਸ਼ ਕਰਨ ਲਈ ਆਪਣਾ ਸਾਰਾ ਜ਼ੋਰ ਲਾ ਦੇਂਦਾ ਹੈ। ਪ੍ਰਵੇਜ਼ ਵਰਗੇ ਨਕਲੀ ਸਾਹਿਤਕਾਰ ਵੀ ਪੈਦਾ ਹੋ ਗਏ ਹਨ ਜੋ ਕਿਸੇ ਹੋਰ ਕੋਲੋਂ ਲਿਖਤ ਲਿਖਾਉਂਦੇ ਹਨ ਤੇ ਉਸੇ ਦੇ ਹੱਕ ਵਿਚ ਕਿਸੇ ਹੋਰ ਤੋਂ ਆਰਟੀਕਲ ਵੀ ਲਿਖਾਉਂਦੇ ਹਨ। ਇਨਾਮ ਵੀ ਹਾਸਿਲ ਕਰਦੇ ਹਨ ਤੇ ਅਗਾਂਹ ਪੀ ਐਚ ਡੀ ਵੀ ਦਿਵਾਉਂਦੇ ਹਨ। ਪ੍ਰਵੇਜ਼ ਸਾਹਿਬ ਦੇ ਸਿਰਫ਼ ਪੈਸੇ ਹੀ ਚਲਦੇ ਹਨ ਹੋਰ ਉਸਦਾ ਆਪਣਾ ਕੱਖ ਨਹੀ ਹੁੰਦਾ। ਸੋ ਇਸ ਕਿਸਮ ਦਾ ਫਰਾਡ ਤੁਹਾਡੇ ਸਾਹਮਣੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਦਿਲਚਸਪ ਘਟਨਾਵਾਂ ਨਹੀਂ। ਮੈਂ ਤਾਂ ਇਹ ਕਿਹਾ ਕਿ ਹੁਣ ਐਵਾਰਡਾਂ ਦਾ ਕੀ ਰੂਪ ਹੋ ਗਿਆ ਹੈ ਜਦ ਕਿ ਪਹਿਲਾਂ ਇਹ ਲੋਕਾਂ ਨੂੰ ਉਨ੍ਹਾਂ ਦੇ ਸੱਚ ਬੋਲਣ ਲਈ ਮਿਲਦੇ ਸਨ। ਸਮੁੱਚੇ ਤੌਰ ਤੇ ਕੋਈ ਵੀ ਸਾਹਿਤਕਾਰ ਐਵਾਰਡ ਲੈਣ ਲਈ ਨਹੀ ਲਿਖਦਾ। ਪੈਸੇ ਵਾਲੇ ਕਈ ਲੋਕ ਤਾਂ ਇਨਕਮ ਟੈਕਸ ਦੀ ਛੋਟ ਬਦਲੇ ਵੀ ਐਵਾਰਡ ਕਾਇਮ ਕਰਦੇ ਹਨ ਕਿ ਇਹ ਪੈਸਾ ਚੈਰਿਟੀ ਨੂੰ ਦੇ ਕੇ ਐਨੇ ਪੈਸੇ ਪਚ ਜਾਣੇ ਹਨ। ਸੋ ਮੈਂ ਸਮਝਦਾ ਹਾਂ ਕਿ ਬਲਵਾਨ ਕਿਸਮ ਦੇ ਐਵਾਰਡ ਕਾਇਮ ਕਰਨੇ ਚਾਹੀਦੇ ਹਨ ਜਿਸ ਵਿਚ ਪ੍ਰਤਿਭਾ ਸਲਾਹੀ ਜਾਵੇ। ਇਸ ਕਿਸਮ ਦੇ ਐਵਾਰਡ ਨਹੀਂ ਜਿਸ ਵਿਚ ਹਜ਼ਾਰਾਂ ਲੱਖਾਂ ਰੁਪੈ ਜਮ੍ਹਾਂ ਕਰ ਲਏ ਜਾਣ ਤੇ ਆਪਣੇ ਮਤਲਬ ਦੇ ਕਿਸੇ ਬੰਦੇ ਨੂੰ ਦੇ ਦਿੱਤੇ ਜਾਣ। ਮੇਰਾ ਖਿਆਲ ਹੈ ਤੁਹਾਡੇ ਸਾਰਿਆਂ ਦੇ ਜੁਆਬ ਦੇ ਦਿੱਤੇ ਹਨ ਇਨ੍ਹਾਂ ਗੱਲਾਂ ਵਿਚ। ਹੋਰ ਜੋ ਕੁਝ ਤੁਸੀ ਸੁਝਾਅ ਦਿੱਤੇ ਹਨ ਮੈਂ ਨੋਟ ਕਰ ਲਏ ਹਨ, ਮੈਂ ਵੀ ਵਿਚਾਰਾਂਗਾ ਇਨ੍ਹਾਂ ਨੂੰ। ਤੁਹਾਡੇ ਵਿਚਾਰ ਬੜੇ ਅੱਛੇ ਹਨ ਤੇ ਜੇ ਮੈਨੂੰ ਪਰਚੇ ਵਿਚ ਕੋਈ ਤਬਦੀਲੀ ਕਰਨੀ ਪਈ ਤਾਂ ਮੈਂ ਤੁਹਾਡੇ ਧੰਨਵਾਦ ਸਹਿਤ ਕਰ ਦਿਆਂਗਾ। ਥੈਂਕ ਯੂ।

ਪ੍ਰਧਾਨਗੀ ਭਾਸ਼ਨ

ਗੁਰਚਰਨ ਰਾਮਪੁਰੀ: ਮੈਂ ਸਿਰਫ ਤੁਹਾਡਾ ਸਾਰਿਆਂ ਦਾ ਸਮਾਂ ਦੇਣ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ। ਪ੍ਰਬੰਧਕਾਂ ਦਾ ਵੀ। ਇਹ ਠੀਕ ਹੈ ਕਿ ਇਹ ਪਰਚਾ ਸੌਖਾ ਹੈ ਪਰ ਸੌਖਾ ਹੋਣਾ ਇਸਦੀ ਵਧੀਆ ਗੱਲ ਹੈ ਮਾੜੀ ਨਹੀਂ। ਸ਼ਾਇਦ ਇਹ ਉਤਨਾ ਗੰਭੀਰ ਨਾ ਹੋਵੇ ਜਿਤਨਾ ਪਹਿਲਾ ਪਰਚਾ ਸੀ। ਪਰ ਇਸ ਮਚ ਰਹੀ ਅੱਗ ਵੱਲ ਇਸ਼ਾਰਾ ਕਰਨ ਦੀ ਲੋੜ ਹੈ ਨਹੀ ਤਾਂ ਇਹ ਪਰੌਸੈੱਸ ਜਾਰੀ ਰਹੇਗਾ। ਇਤਫਾਕਨ ਇਕ ਇਨਾਮ ਦੇਣ ਵਾਲੀ ਸੰਸਥਾ ਨਾਲ ਮੈਂ ਵੀ ਸਬੰਧਤ ਹਾਂ! 'ਮਨਜੀਤ' ਐਵਾਰਡ ਨਾਲ। ਮੈਂ ਸਮਝਦਾ ਹਾਂ ਕਿ ਮੈਨੂੰ ਕਿਸੇ ਦੀ ਡੀਫੈਂਸ ਕਰਨ ਦੀ ਲੋੜ ਨਹੀ। ਗਲਤ ਕੰਮ ਵੱਲ ਇਸ਼ਾਰਾ ਕਰਨਾ ਫਰਜ਼ ਬਣਦਾ ਹੀ ਹੈ। ਫੈਸਲੇ ਸਬਜੈਕਟਿਵ ਵੀ ਹੁੰਦੇ ਹਨ, ਆਖਿਰ ਮਨੁੱਖ ਨੇ ਹੀ ਕਰਨੇ ਹਨ। ਪਰ ਮੇਰੇ ਵਾਲੀ ਸੰਸਥਾ ਦੀ ਕੋਸ਼ਿਸ਼ ਹੁੰਦੀ ਹੈ ਇਨਾਮ ਯੋਗ ਵਿਅਕਤੀ ਨੂੰ ਹੀ ਮਿਲੇ। ਜੇਕਰ ਗੁਰਬਖਸ਼ ਸਿੰਘ ਕਹਿ ਸਕਦਾ ਕਿ ਮੈਂ ਫੈਲੋ ਹਾਂ ਮੈਨੂੰ ਇਨਾਮ ਨਹੀ ਮਿਲਣਾ ਚਾਹੀਦਾ ਤਾਂ ਅੰਮ੍ਰਿਤਾ ਵੀ ਫੈਲੋ ਸੀ। ਅੰਮ੍ਰਿਤਾ ਹੁਣ ਤੱਕ ਮੁੱਖ ਰਹੀ ਹੈ ਪਰ ਉਸਨੇ ਕਿਉਂ ਨਾ ਜੁਆਬ ਦਿੱਤਾ। ਪ੍ਰਭਜੋਤ ਨੇ ਕਿਉਂ ਨਾ ਦਿੱਤਾ, ਸੇਖੋਂ ਵੀ ਉਸਦੇ ਵਿਚ ਸੀ। ਦੁੱਗਲ, ਗਾਰਗੀ ਨੇ ਵੀ ਨਹੀ ਦਿੱਤਾ ਜੋ ਉਸਦੇ ਵਿਚ ਸਨ। ਇਹ ਗੁਰਬਖਸ਼ ਸਿੰਘ ਦੀ ਹੀ ਵਡਿਆਈ ਹੈ। ਪਰ ਜੇ ਇਹ ਇਨਾਮ ਉਸਦੇ ਕਹਿਣ ਤੋਂ ਬਿਨਾ ਨਹੀ ਦਿੱਤਾ ਤਾਂ ਬਹੁਤ ਮਾੜੀ ਗੱਲ ਹੈ ਕਿ ਮਨਜੀਤ ਟਿਵਾਣਾ ਨੂੰ ਮਿਲ ਜਾਵੇ ਤੇ ਗੁਰਬਖਸ਼ ਸਿੰਘ ਨੂੰ ਨਾ ਮਿਲੇ। ਇਹ ਪਰਚਾ ਆਰੰਭ ਹੈ, ਇਹ ਇਸ਼ਾਰਾ ਲਗਾਤਾਰ ਹੁੰਦਾ ਰਹਿਣਾ ਚਾਹੀਦਾ ਹੈ। ਧੰਨਵਾਦ।

(ਟੇਪ ਤੋਂ ਉਤਾਰਾ ਅਮਨਪਾਲ ਸਾਰਾ)

●○●○●○●○●



LAND
DEVELOPMENTS

SALE of

COMMERCIAL
PROPERTY

If you are thinking of selling your home
contact: Karamjit S. Ghuman
Bus: 572-1211 Fax 572-8110
Pager:686 - 5731

SUTTON GROUP
Medallion Realty
7832 - 120th St.
Surrey, B.C., V3W 3N2

LASER SCREEN PRINTING

Custom Printing
and Specialty Advertising

Manufacturer and Distributors of:

*T-Shirts *Sportswear *Team Jackets
*Crests *Caps *Decals
*Transfers *Emblems *Calendars
*Pens *Matches *Glasswear
*Lighters *Buttons *Sales Aids
*Playing Cards *Lapel Pins *Safety Awards
*Promotional Gifts *Incentives *Plus much more

Ram Sharma
5311 - 91 Street
Edmonton, Alberta, T6E 6E2
Ph. (403) 468-6435

DEVINDERJIT (DAVE) SINGH PUREWAL

(BARRISTER, SOLICITOR & NOTARY PUBLIC)

ਦਵਿੰਦਰਜੀਤ ਸਿੰਘ ਪੁਰੇਵਾਲ

PH: (403) 462-7555

GENERAL PRACTICE OF LAW INCLUDING:
* ਕ੍ਰਿਮੀਨਲ (Criminal) *ਇਮੀਗਰੇਸ਼ਨ (immigration)
*ਰੀਅਲ ਅਸਟੇਟ ਤੇ ਮੋਰਗੇਜ (Real Estate & Mortgage)
*ਵਿੱਲ ਅਤੇ ਅਸਟੇਸ (Wills & Estate) *ਸਿਵਲ (Civil)
*ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
*ਨਿੱਜੀ ਸੱਟਾਂ ਦੇ ਕਲੇਮ (Personal Injury Claims)

Venkatraman & Associates
Ph: (403) 436-7060
#440-4445 Calgary Tr. South Edmonton
Millwood Office:
9209 - 34th Ave. Edmonton
Alberta, T6E 5T5

ਸੇਵਾਵਾਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਵੀ ਮਿਲਦੀਆਂ ਹਨ।

CLAY OVEN RESTAURANT

ਕਲੇਅ ਓਵਨ ਰੈਸਟੋਰੈਂਟ

9386-120 ਸਟਰੀਟ, ਸਰੀ ਬੀ.ਸੀ.
ਸਰੀ ਵਿਚ ਸਵਾਦਿਸ਼ਟ ਖਾਣਿਆਂ ਦਾ ਮਸ਼ਹੂਰ ਰੈਸਟੋਰੈਂਟ।
ਵੈਜੇਟੇਰੀਅਨ (ਸ਼ਾਕਾਹਾਰੀ) ਭੋਜਨ ਵੀ ਮਿਲਦਾ ਹੈ।

ਫੋਨ: ਜਗਮਿੰਦਰ ਮਾਂਗਟ
(604) 589-7622

... ਤੇ ਤੁਸੀਂ ਲਿਖਿਆ

'ਵਤਨ' ਦਾ ਤਾਜ਼ਾ ਅੰਕ ਮਿਲ ਗਿਆ ਹੈ। ਸ਼ੁਰੂ ਤੋਂ ਅਖੀਰ ਤੱਕ ਪੜ੍ਹਕੇ ਹੀ ਸਾਹ ਲਿਆ ਹੈ। ਨਵਤੇਜ ਭਾਰਤੀ ਦੀਆਂ ਕਵਿਤਾਵਾਂ ਬਹੁਤ ਹੀ ਵਧੀਆ ਹਨ। ਭਾਵੇਂ ਨਵਤੇਜ ਨੂੰ ਮਿਲਣ ਦਾ ਮੌਕਾ ਕਈ ਵਾਰ ਮਿਲਿਆ ਹੈ ਪਰ ਉਸਦੀ ਕਵਿਤਾ ਪਹਿਲੀ ਵਾਰ ਹੀ ਪੜ੍ਹੀ ਹੈ। ਉਸ ਬਾਰੇ ਜੋ ਕੁੱਝ ਸੁਣਿਆ ਸੀ ਸੱਚ ਹੋ ਨਿਬੜਿਆ ਹੈ। ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਅਤੇ ਬਲਰਾਜ ਚੀਮਾ ਦੇ ਲੇਖ ਪ੍ਰਭਾਵਸ਼ਾਲੀ ਅਤੇ ਜਾਣਕਾਰੀ ਭਰਪੂਰ ਹਨ।

—ਹਰਪਾਲ ਸਿੰਘ ਸਿੱਧੂ, ਟਰਾਂਟੋ।

ਇਹ ਖੁਸ਼ੀ ਦੀ ਗੱਲ ਹੈ ਕਿ 'ਵਤਨ' ਵਿਚ ਪੰਜਾਬੀ ਬੋਲੀ ਦੇ ਕਈ ਪੱਖਾਂ ਬਾਰੇ ਚਰਚਾ ਛਿੜਿਆ ਹੈ। ਉਮੀਦ ਹੈ ਇਹ ਜਾਰੀ ਰਹੇਗਾ। ਸ਼ਬਦ-ਜੋੜਾਂ ਦੀ ਸਮੱਸਿਆ ਬਾਰੇ ਮੇਰਾ ਸੁਝਾ ਹੈ ਕਿ 'ਵਤਨ' ਦੇ ਸੰਪਾਦਕ ਆਉਣ ਵਾਲੇ ਕਿਸੇ ਅੰਕ ਵਿਚ ਪੰਜਾਬੀ ਵਿਚ ਪ੍ਰਾਪਤ ਮਿਆਰੀ ਸ਼ਬਦ-ਜੋੜਾਂ ਅਤੇ ਸ਼ਬਦਾਂ ਨਾਲ ਸੰਬੰਧਤ ਹੋਰ ਪੁਸਤਕਾਂ ਦੀ ਇਕ ਸੂਚੀ ਪ੍ਰਕਾਸ਼ਿਤ ਕਰਨ ਜਿਸ ਤੋਂ ਲੇਖਕ ਅਤੇ ਪਾਠਕ ਜੇ ਚਾਹੁਣ ਤਾਂ ਅਜਿਹੀਆਂ ਪੁਸਤਕਾਂ ਖ੍ਰੀਦ ਸਕਣ। ਸਾਨੂੰ ਇਹ ਗੱਲ ਸਪੱਸ਼ਟ ਚਾਹੀਦੀ ਹੈ ਕਿ ਸ਼ਬਦ-ਜੋੜਾਂ ਦੀ ਪਹਿਲੀ ਜ਼ਿੰਮੇਵਾਰੀ ਲੇਖਕ ਦੀ ਹੈ। ਅੰਗ੍ਰੇਜ਼ੀ ਪਰਚਿਆਂ ਵਾਂਗ ਜੇ 'ਵਤਨ' ਵੀ ਆਪਣੇ ਕੁਝ ਅਸੂਲ ਲਾਗੂ ਕਰ ਦੇਵੇ ਤਾਂ ਵਧੀਆ ਰਹੇਗਾ।

ਪੰਜਾਬੀ ਲਈ ਢੁਕਵੀ ਲਿਪੀ ਬਾਰੇ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਜੀ ਦਾ ਲੇਖ ਬੜਾ ਦਿਲਚਸਪ ਤੇ ਜਾਣਕਾਰੀ ਭਰਪੂਰ ਲੱਗਾ। ਮੈਂ ਵੀ ਡਾਕਟਰ ਸਾਹਿਬ ਤੇ ਸੁਰਜ਼ਨ ਜ਼ੀਰਵੀ ਹੋਰਾਂ ਨਾਲ ਸਹਿਮਤ ਹਾਂ ਕਿ ਗੁਰਮੁਖੀ ਪੰਜਾਬੀ ਲਈ ਸੱਭ ਤੋਂ ਢੁਕਵੀਂ ਲਿਪੀ ਹੈ। ਗੁਰਮੁਖੀ ਵਿਚ ਲਿਖਿਦਿਆਂ ਵਹਾ ਵਿਚ ਕਦੇ ਅਟਕਾ ਨਹੀ ਪੈਂਦਾ ਤੇ ਕੋਈ ਹੋਰ ਉਲਝਣ ਨਹੀਂ ਆਉਂਦੀ। ਨਿੱਜੀ ਤੌਰ ਤੇ ਮੈਨੂੰ ਗੁਰਮੁਖੀ ਵਿਚ ਲਿਖ ਕੇ ਇਕ ਅਜੀਬ ਕਿਸਮ ਦਾ ਅਨੰਦ ਮਹਿਸੂਸ ਹੁੰਦਾ ਹੈ। ਗੁਰਮੁਖੀ ਪੰਜਾਬੀ ਲਈ, ਜਿਸ ਤਰ੍ਹਾਂ ਪ੍ਰੇਮ ਪ੍ਰਕਾਸ਼ ਸਿੰਘ ਜੀ ਨੇ ਲਿਖਿਆ ਹੈ, ਕੁਦਰਤੀ ਲਿਪੀ ਜਾਪਦੀ ਹੈ।

ਪਰ ਡਾਕਟਰ ਸਾਹਿਬ ਦੇ ਲੇਖ ਵਿਚ ਕੁਝ ਗੱਲਾਂ ਸਪੱਸ਼ਟ ਨਹੀਂ। ਉਹ ਲਿਖਦੇ ਹਨ ਕਿ "ਬੋਲੀ ਕੁਦਰਤ ਦਾ ਸਭ ਤੋਂ ਵੱਡਾ ਕ੍ਰਿਸ਼ਮਾ ਹੈ"। ਜੇ ਬੋਲੀ ਤੋਂ ਭਾਵ ਕੇਵਲ ਸੰਘ ਚੋਂ ਨਿਕਲਣ ਵਾਲੀ ਆਵਾਜ਼ ਜਾਂ ਧੁਨੀ ਹੈ ਜੋ ਹੋਰ ਜੀਵ ਵੀ ਕੱਢਦੇ ਹਨ ਤਾਂ ਇਹ ਕੁਦਰਤੀ ਹੈ ਪਰ ਕੁਦਰਤ ਦਾ ਸਭ ਤੋਂ ਵੱਡਾ ਕ੍ਰਿਸ਼ਮਾ ਨਹੀਂ। ਅੱਖਾਂ ਸ਼ਾਇਦ ਆਵਾਜ਼ ਤੋਂ ਵੱਡਾ ਕ੍ਰਿਸ਼ਮਾ ਹਨ (ਉਹ ਵੀ ਕੇਵਲ ਜੀਵਾਂ ਦੇ ਸੰਬੰਧ ਵਿਚ)। ਜੇ ਬੋਲੀ ਦੀ ਪ੍ਰੀਭਾਸ਼ਾ ਵਿਚ ਸ਼ਬਦ ਅਤੇ ਵਿਆਕਰਣ ਵੀ ਸ਼ਾਮਿਲ ਹਨ ਤਾਂ ਬੋਲੀ ਇਨਸਾਨ ਦੀ ਸਭ ਤੋਂ ਵੱਡੀ ਕਾਢ ਹੈ ਨਾ ਕਿ ਕੁਦਰਤੀ ਕ੍ਰਿਸ਼ਮਾ (ਬੋਲੀ ਸਹਿਜੇ ਹੀ ਲਿਪੀ ਨਾਲੋਂ ਅਹਿਮ ਤੇ ਵੱਡੀ ਕਾਢ ਹੈ)। ਇਸੇ ਤਰ੍ਹਾਂ ਅਜੋਕੇ ਸਮੇਂ ਵਿਚ ਬੋਲੀ ਸਮੇਂ ਤੇ ਸਥਾਨ ਦੀ ਕੈਦਣ ਨਹੀਂ ਰਹੀ, ਇਲੈਕਟ੍ਰਾਨਿਕ ਮਾਧਿਅਮ ਰਾਹੀਂ ਸੁਤੰਤਰ ਹੋ ਗਈ ਹੈ।

ਆਦਰਸ਼ਕ ਲਿਪੀ ਬਾਰੇ ਲਿਖੇ ਨੁਕਤਿਆਂ ਉੱਤੇ ਹੋਰ ਚਰਚਾ ਦੀ ਲੋੜ ਹੈ। "ਜਿੰਨੀਆਂ ਧੁਨੀਆਂ ਓਨੇ ਅੱਖਰ (ਹਰੂਫ)" ਦੀ ਕਸਵੱਟੀ ਉਤੇ ਸ਼ਾਇਦ ਕੋਈ ਵੀ ਲਿਪੀ ਪੂਰੀ ਨਾ ਉਤਰੇ। ਗੁਰਮੁਖੀ ਵਿਚ, ਸੰਝ, ਸੁਝਾ, ਝਾਕ ਵਿਚ 'ਝ' ਵੱਖੋ ਵੱਖਰੀਆਂ ਤਿੰਨ ਧੁਨੀਆਂ ਨੂੰ ਪ੍ਰਗਟਾਉਂਦਾ ਹੈ। ਇਸੇ ਤਰ੍ਹਾਂ "ਇਕੋ ਲਿਪੀ ਵਿਚ ਕਈ ਕਈ ਬੋਲੀਆਂ ਨਹੀਂ ਲਿਖੀਆਂ ਜਾਂਦੀਆਂ" ਯਥਾਰਥ ਤੋਂ ਬਹੁਤ ਦੂਰ ਜਾਪਦਾ ਹੈ। ਰੋਮਨ ਲਿਪੀ ਵਿਚ ਸੰਸਾਰ ਦੀਆਂ ਕਈ ਪ੍ਰਫੁਲਤ ਭਾਸ਼ਾਵਾਂ, ਫਰਾਂਸੀਸੀ, ਅੰਗਰੇਜ਼ੀ, ਸਪੇਨੀ, ਇਤਾਲਵੀ, ਆਦਿ ਅਤਿ ਸਫਲਤਾ ਨਾਲ ਲਿਖੀਆਂ ਜਾ ਰਹੀਆਂ ਹਨ।

ਅੰਤ ਉਤੇ ਇਕ ਗੱਲ ਅਦਾਰਾ 'ਵਤਨ' ਨਾਲ ਇਹ ਵੀ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਅੰਕ ਵਿਚ ਨਵਤੇਜ ਭਾਰਤੀ ਦੀ 10-11 ਪੰਨੇ ਵਿਚ ਕਵਿਤਾ ਪ੍ਰਕਾਸ਼ਨਾ ਬਾਰੇ ਬਹੁਤ ਲੋਕਾਂ ਨੇ ਗੱਲ ਕੀਤੀ ਜੋ ਅਕਸਰ ਦੋਹਾਂ, ਨਵਤੇਜ ਦੀ ਕਵਿਤਾ ਲਈ ਅਤੇ 'ਵਤਨ' ਲਈ ਸਲਾਹੁਤਾ ਵਾਲੀ ਸੀ। ਮੇਰੀ ਜਾਚੇ 'ਵਤਨ' ਦੀ ਪਹਿਲੇ ਵਿਸ਼ੇਸ਼ ਅੰਕਾਂ (ਕਾਮਾਗਾਟਾ ਮਾਰੂ, ਨਾਟਕ, ਮੁਲਾਕਾਤ ਅੰਕ) ਵਾਂਗ ਇਕ ਹੋਰ ਵਿਸ਼ੇਸ਼ ਪ੍ਰਾਪਤੀ ਹੈ। ਵਧਾਈ।

ਅਜਮੇਰ ਰੋਡੇ, ਬਰਨਬੀ, ਬੀ. ਸੀ.

ਪਿਛਲੇ ਅੰਕ ਵਿਚ ਮੇਜਰ ਮਾਂਗਟ ਦੀ ਲਿਖੀ ਹੋਈ ਕਹਾਣੀ "ਠੀਕਰੀਆਂ" ਬਹੁਤ ਹੀ ਪਸੰਦ ਆਈ ਕਿ ਕਿਵੇਂ ਅਸੀ ਆਪਣਾ ਇਨਸਾਨੀ ਫਰਜ਼ ਭੁੱਲ ਕੇ ਪੈਸਿਆਂ ਦੇ ਮਗਰ ਲੱਗ ਜਾਂਦੇ ਹਾਂ। ਓਵਰਟਾਇਮ ਕਰਕੇ ਹੋਰ ਪੈਸੇ ਕਮਾਉਣ ਦੀ ਲਾਲਸਾ ਵਿਚ ਅਸੀ ਫੋਰਮੈਨਾਂ ਨੂੰ ਤੋਹਫੇ ਦੇ ਰੂਪ ਵਿਚ ਫਰਿੱਜ ਅਤੇ ਸਟੋਵ ਆਦਿ ਚੀਜ਼ਾਂ ਦੇਣ ਦੀ ਹਾਲਤ ਤੱਕ ਨਿੱਘਰ ਜਾਂਦੇ ਹਾਂ।

ਮੀਨਾ ਪਰਮਾਰ ਦੀ ਲਿਖੀ ਕਹਾਣੀ, "ਰੱਬ ਹੀ ਜਾਣੇ" ਵੀ ਬਹੁਤ ਪਸੰਦ ਆਈ। ਨਵੀਂ ਪੀੜੀ ਦੇ ਸਾਹਮਣੇ ਜਿਹੜੀਆਂ ਮੁਸ਼ਕਿਲਾਂ ਆਉਂਦੀਆਂ ਹਨ, ਉਹਨਾਂ ਨੂੰ ਉਸਨੇ ਬੜੇ ਸੁਚੱਜੇ, ਸੁਥਰੇ ਅਤੇ ਸੁਹਣੇ ਢੰਗ ਨਾਲ ਪੇਸ਼ ਕੀਤਾ ਹੈ। ਸਰਦਾਰ ਜਰਨੈਲ ਸਿੰਘ ਦੀ ਲਿਖੀ ਹੋਈ ਕਹਾਣੀ, "ਜੰਗ ਬਨਾਮ ਜੰਗ" ਵੀ ਤਾਰੀਫ ਕਰਨ ਦੇ ਯੋਗ ਹੈ।

ਬਲਰਾਜ ਚੀਮਾ ਜੀ ਦਾ ਲੇਖ, "ਰੂਸੀ ਹਮਲਾ ਹੋਣ ਵਾਲਾ ਹੈ", ਤਾਂ ਬਹੁਤ ਹੀ ਪਸੰਦ ਆਇਆ। ਆਖਿਰ ਕੋਈ ਤਾਂ ਮਾਈ ਦਾ ਲਾਲ ਹੈ, ਜੋ ਅਮਰੀਕਾਂ ਦੀਆਂ ਵਧੀਕੀਆਂ ਨੂੰ ਸਾਫ਼, ਸਪੱਸ਼ਟ ਅਤੇ ਸੁਥਰੇ ਲਫ਼ਜ਼ਾਂ ਵਿਚ ਲਿਖ ਸਕਦਾ ਹੈ। ਰੇਡੀਉ, ਟੈਲੀਵਿਜ਼ਨ ਅਤੇ ਅਖਬਾਰਾਂ ਤਾਂ ਅਮਰੀਕਾ ਸਰਕਾਰ ਦੀਆਂ ਪਾਲਸੀਆਂ ਦੇ ਹੀ ਗੁਣ ਗਾਉਂਦੀਆਂ ਹਨ, ਪਰ ਇਹਨਾਂ ਦੀਆਂ ਕੋਝੀਆਂ ਅਤੇ ਬੇਹੂਦਾ ਹਰਕਤਾਂ ਨੂੰ ਕੋਈ ਵੀ ਪੇਸ਼ ਨਹੀਂ ਕਰਦਾ। ਨਵਾਬ, ਜ਼ੈਲਦਾਰ, ਜ਼ਗੀਰਦਾਰ ਅਤੇ ਅਮੀਰ ਮੁਲਕ, ਗਰੀਬ ਲੋਕਾਂ ਅਤੇ ਗਰੀਬ ਮੁਲਕਾਂ ਤੇ ਜੋ ਜ਼ੁਲਮ ਕਰਦੇ ਹਨ, ਉਹ ਤਾਂ ਉਹੀ ਜਾਣਦੇ ਹਨ ਜਿਹਨਾਂ ਤੇ ਗੁਜ਼ਰਦੀ ਹੈ। ਇਸ ਸੱਭ ਲਈ 'ਵਤਨ' ਅਤੇ ਖਾਸ ਤੌਰ ਤੇ ਬਲਰਾਜ ਚੀਮਾ ਜੀ ਮੇਰੇ ਵਰਗੇ ਨਿਮਾਣੇ ਪਾਠਕ ਪਾਸੋਂ ਵਧਾਈ ਦੇ ਪਾਤਰ ਹਨ।

—ਰੇਸ਼ਮ ਸਿੰਘ ਬੋਲੀਨਾ, ਮੌਂਟਰੀਅਲ।

ਵਤਨ ਇਕ ਵਧੀਆ ਰਸਾਲਾ ਹੈ। ਇਸਦਾ ਕੱਦਕਾਠ ਵੱਡਾ ਕਰੋ। ਇਸ ਅੰਕ (ਅਪ੍ਰੈਲ, ਮਈ, ਜੂਨ,) ਵਿਚ ਨਵਤੇਜ ਦੀਆਂ ਕਵਿਤਾਵਾਂ ਛਾਪਕੇ ਚੰਗਾ ਕੀਤਾ।

—ਵਕੀਲ ਕਲੇਰ, ਬਾਂਡ ਹੈੱਡ-ਉਨਟੇਰੀਉ।

'ਵਤਨ' ਦਾ ਬਹਾਰ, 1993 ਦਾ ਅੰਕ ਕਿਸੇ ਦੋਸਤ ਕੋਲ ਪੜ੍ਹਨ ਦਾ ਅਵਸਰ ਮਿਲਿਆ। ਨਵਤੇਜ ਭਾਰਤੀ ਦੀ ਕਵਿਤਾ ਨੇ ਬਹੁਤ ਪ੍ਰਭਾਵਿਤ ਕੀਤਾ ਹੈ। ਕਾਫੀ ਅਰਸੇ ਮਗਰੋਂ ਕਿਸੇ ਦੀ ਕਵਿਤਾ ਵਧੀਆ ਲੱਗੀ ਹੈ।... ਮੈਂ ਇਹਨਾਂ ਦੀ ਕਵਿਤਾ ਹਿੰਦੀ ਵਿਚ ਅਨੁਵਾਦ ਕਰਨੀ ਚਾਹੁੰਦਾ ਹਾਂ।

—ਸੁਭਾਸ਼ ਪਰਿਹਾਰ, ਕੋਟ ਕਪੂਰਾ, ਭਾਰਤ।

ਅਪਰੈਲ/ਮਈ/ਜੂਨ 1993 ਦੇ 'ਵਤਨ' ਬਾਰੇ ਮੈਂ ਆਪਣੇ ਵਿਚਾਰ ਲਿਖ ਰਿਹਾ ਹਾਂ। 'ਵਤਨ' ਪੰਜਾਬੀ ਵਿਚ ਨਿਕਲਣ ਵਾਲੇ ਚੰਗੇ ਪਰਚਿਆਂ ਵਿਚੋਂ ਇਕ ਹੈ। ਇਸਦੇ ਲਈ ਤੁਹਾਡਾ ਉੱਦਮ ਸ਼ਲਾਘਾਯੋਗ ਹੈ। ਨਵਤੇਜ ਭਾਰਤੀ ਹੁਰਾਂ ਨੂੰ ਪੇਸ਼ ਕਰਨਾ ਬੜਾ ਚੰਗਾ ਲੱਗਾ; ਇਸੇ ਤਰ੍ਹਾਂ ਹਰ ਸਾਲ ਘੱਟ ਤੋਂ ਘੱਟ ਇਕ ਵਾਰ ਕਿਸੇ ਕੈਨੇਡੀਅਨ ਲੇਖਕ ਨੂੰ ਪੇਸ਼ ਕੀਤਾ ਜਾਵੇ ਤਾਂ ਚੰਗਾ ਰਹੇਗਾ।

ਸੰਪਾਦਕੀ ਵਿਚ ਤੁਹਾਡੇ ਸੁਝਾਅ ਬੜੇ ਚੰਗੇ ਹਨ। ਪਰ ਜੋ ਤੁਸੀਂ ਅਣਛਪੀਆਂ ਰਚਨਾਵਾਂ ਹੀ, ਭੇਜਣ ਬਾਰੇ ਕਿਹਾ ਹੈ, ਇਸ ਤਰ੍ਹਾਂ ਲੇਖਕ ਨਾਲ ਇਨਸਾਫ਼ ਨਹੀ ਹੋਵੇਗਾ ਕਿਉਂਕਿ ਹਾਲੇ ਵਤਨ ਦਾ ਦਾਇਰਾ ਏਨਾ ਵੱਡਾ ਨਹੀਂ ਹੈ ਕਿ ਸਾਰੇ ਪੰਜਾਬੀ ਜਗਤ ਤੱਕ ਜਾ ਸਕੇ। ਦੂਸਰਾ ਜੇ ਕੋਈ ਰਚਨਾ ਛੇ ਮਹੀਨੇ ਤੋਂ ਪਹਿਲਾਂ ਕਿਸੇ ਹੋਰ ਥਾਂ ਛਪੀ ਵੀ ਹੈ ਤਾਂ ਪਾਠਕਾਂ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ।

ਨਵਤੇਜ ਭਾਰਤੀ ਦੀਆਂ ਬਾਕੀ ਕਵਿਤਾਵਾਂ ਬਹੁਤ ਚੰਗੀਆਂ ਹਨ ਪਰ ਸਫਾ 7 ਦੇ ਸੱਜੇ ਪਾਸੇ ਵਾਲੇ ਕਾਲਮ ਤੇ ਇਨ੍ਹਾਂ ਦੀ ਕਵਿਤਾ "ਮੈਂ ਤੇਰੇ ਦਰਬਾਰ ਵਿਚ ਆਇਆ ਹਾਂ" ਚੰਗੀ ਨਹੀ ਲੱਗੀ। ਇਸ ਬਾਰੇ ਮੈਂ ਆਪਣੇ ਵਿਚਾਰ ਹੇਠ ਲਿਖ ਰਿਹਾ ਹਾਂ।

ਹੰਸ =ਸੱਭਿਅਕ ਇਨਸਾਨ; ਬਗਲਾ =ਪਾਖੰਡੀ ਸੱਭਿਅਕ ਇਨਸਾਨ

ਕਾਂ = ਕੂੜਾ (ਝੂਠ) ਫਰੋਲਣ ਵਾਲਾ ਇਨਸਾਨ; ਅੰਮ੍ਰਿਤ = ਹਰਿ ਦਾ ਨਾਮ

* ਅੰਮ੍ਰਿਤ ਹਰਿ ਕਾ ਨਾਮੁ ਹੈ, ਜਿਤੁ ਪੀਤੈ ਤਿਖ ਜਾਏ।

(ਵਾਰ ਮਲਾਰ, ਮ-3, 1-11, 1283)

* ਗੁਰਮੁਖ ਅੰਮ੍ਰਿਤ ਨਾਮ ਹੈ, ਜਿਤ ਖਾਧੈ ਸਭ ਭੁਖ ਜਾਏ।
(ਵਾਰ ਸਾਰੰਗ, ਮ-3,1-33, 1250)
* ਹਰਿ ਕਾ ਨਾਮ ਅੰਮ੍ਰਿਤ ਜਲੁ ਨਿਰਮਲੁ, ਇਹ ਅਉਖਧੁ ਜਗ ਸਾਰਾ।
(ਸੋਰਠਿ ਭੀਖਨ, 3-1, 659)
ਅੰਮ੍ਰਿਤਸਰ = ਹਰਿਨਾਮ-ਰਸ ਸਰ
* ਸ਼ਬਦਿ ਮਰੈ ਸੋਈ ਜਨ ਪੂਰਾ। / ਸਤਿਗੁਰ ਆਖਿ ਸੁਣਾਏ ਸੂਰਾ।
ਕਾਇਆ ਅੰਦਰ ਅੰਮ੍ਰਿਤਸਰ ਸਾਚਾ, / ਮਨੁ ਪੀਵੈ ਭਾਇ ਸੁਭਾਈ ਹੈ।
(ਮਾਰੂ, ਮ-3, ਸੋ-3, 1046)

ਆਪਣੀ ਅਤੇ ਇਨਸਾਨੀਅਤ ਦੀ ਭਲਾਈ ਲਈ ਲਿਖਦਿਆਂ ਕਵੀ (ਗੁਰੂ) ਨੇ ਉਪ੍ਰੋਕਤ 'ਪ੍ਰਤੀਕ' ਵਰਤੇ ਹਨ। ਉਹ ਕਾਂ-ਬਿਰਤੀ ਵਾਲੇ ਇਨਸਾਨ ਨੂੰ ਹਰਿ-ਨਾਮ ਰਸ ਵਿਚ ਡੁਬਕੀ ਲਾਉਣ ਲਈ ਇਸ ਕਰਕੇ ਕਹਿੰਦਾ ਹੈ ਕਿ ਉਹ ਹੰਸ-ਬਿਰਤੀ ਵਾਲਾ ਹੋ ਜਾਵੇ, ਸੱਭਿਅਕ ਹੋ ਜਾਵੇ, ਇਨਸਾਫ਼ ਪਸੰਦ ਹੋ ਜਾਵੇ।

ਭਾਰਤੀ ਸਾਹਿਬ ਆਪਣੀ ਕਵਿਤਾ ਵਿਚ:
* ਕਿਸੇ ਨੰਗੇ ਧੜੰਗੇ ਨਿੱਕੇ ਬੱਚੇ ਦੇ ਹੱਥੋਂ
ਰੋਟੀ ਦੀ ਬੁਰਕੀ ਖੋਹਣੀ ਚਾਹੁੰਦਾ ਹਾਂ। (ਵਤਨ, ਸਫਾ 8)
* ਮੈਂ ਚਿੜੀ ਦੀ ਰਿੰਨ੍ਹੀ ਖਿਚੜੀ ਖਾਣੀ ਚਾਹੁੰਦਾ ਹਾਂ (ਵਤਨ, ਸਫਾ 8)
ਬੇਇਨਸਾਫ਼ੀ ਦੀਆਂ ਅਸੱਭਿਅਕ ਗੱਲਾਂ ਕਰ ਰਹੇ ਹਨ।
ਬਾਕੀ ਰਹੀ ਭਾਰਤੀ ਸਾਹਿਬ ਦੀ ਕਵਿਤਾ ਦੀ ਆਖਰੀ ਲਾਈਨ:
' ਮੈਨੂੰ ਆਪਣਾ ਆਪ ਮੋੜ ਦੇ'
ਕਵੀ (ਗੁਰੂ) ਤਾਂ ਕਹਿੰਦਾ ਹੀ ਇਹ ਹੈ:
* ਮਨ ਤੂ ਜੋਤਿ ਸਰੂਪ ਹੈ, ਆਪਣਾ ਮੂਲ ਪਛਾਣ।
(ਆਸਾ, ਮ-3, 5, 441)
* ਸੋ ਮੂਰਖ ਜੋ ਆਪਿ ਨਾ ਪਛਾਣਈ / ਸਚਿ ਨਾ ਧਰੇ ਪਿਆਰ।
(ਗੂਜਰੀ, ਮ-3, 4-7-9, 492)
* ਆਪ ਪਛਾਣੈ ਸੋ ਸਭਿ ਗੁਣ ਜਾਣੈ (ਮਾਰੂ, ਮ-3, 8-4-13, 1056)

ਏਨੀ ਮਹਾਨ ਕਿਤਾਬ (ਗੁਰੂ ਗ੍ਰੰਥ ਸਾਹਿਬ) ਨੂੰ ਗ਼ਲਤ ਸਮਝਣਾ, ਭਾਰਤੀ ਹੁਰਾਂ ਵਰਗੇ, ਅਗਾਂਹ-ਵਧੂ ਖ਼ਿਆਲਾਂ ਵਾਲੇ ਕਵੀ ਤੋਂ, ਇਹ ਉਮੀਦ ਨਹੀਂ ਰੱਖੀ ਜਾ ਸਕਦੀ।

ਆਪਣੇ ਖ਼ਤ (ਵਤਨ ਸਫਾ 47) ਵਿਚ ਨਦੀਮ ਪਰਮਾਰ ਹੁਰਾਂ ਲਿਖਿਆ ਹੈ ਕਿ ਗ਼ਜ਼ਲ ਸਿਰਫ਼ ਦੋ ਤਰ੍ਹਾਂ ਦੀ ਹੀ ਹੁੰਦੀ ਹੈ। 1. ਵਾਹਦ ਅਸ਼ਆਰ 2. ਮੁਸਲਸਲ। ਇਹ ਲਿਖਦੇ ਹਨ ਕਿ ਮੁਸਲਸਲ ਗ਼ਜ਼ਲ ਨੂੰ 'ਲੜੀਵਾਰ ਖ਼ਿਆਲ ਵਾਲੀ' ਗ਼ਜ਼ਲ ਆਖਿਆ ਜਾਂਦਾ ਹੈ। ਹੁਣ ਜੇ ਕੋਈ ਇਸ 'ਲੜੀਵਾਰ ਖ਼ਿਆਲ ਵਾਲੀ' ਗ਼ਜ਼ਲ ਨੂੰ 'ਨਜ਼ਮ-ਨੁਮਾ ਗ਼ਜ਼ਲ' (ਜਿਵੇਂ ਗ਼ਜ਼ਲ-ਨੁਮਾ ਨਜ਼ਮ ਹੈ) ਕਹਿ ਦੇਵੇ ਤਾਂ ਕੋਈ ਅਤਿ-ਕਥਨੀ ਨਹੀਂ ਹੁੰਦੀ। ਸਗੋਂ ਜ਼ਿਆਦਾ ਢੁੱਕਦਾ ਨਾਮ ਹੈ। ਜੇ ਇਨ੍ਹਾਂ ਨੇ ਇਹ ਨਾਮ ਪਹਿਲਾਂ ਕਦੇ ਨਹੀਂ ਸੁਣਿਆ, ਦੇਖਿਆ ਜਾਂ ਉਰਦੂ ਗ਼ਜ਼ਲ ਵਾਲਿਆਂ ਨੂੰ ਵੀ ਇਹ ਨਾਮ ਨਹੀਂ ਸੁਝਿਆ, ਤਾਂ ਨਾ ਸਹੀ; ਹੁਣ ਤਾਂ ਕਿਸੇ ਨੇ ਇਸ ਪ੍ਰਕਾਰ ਦੀ ਗ਼ਜ਼ਲ ਨੂੰ ਸਹੀ ਨਾਮ ਦਿੱਤਾ ਹੈ।

ਸਾਨੂੰ ਆਪੇ ਤੋਂ ਬਾਹਰ ਹੋਣ ਦੀ ਬਜਾਏ ਉਸ ਆਦਮੀ ਨੂੰ ਵਧਾਈ ਦੇਣੀ ਚਾਹੀਦੀ ਹੈ, ਜਿਸ ਨੇ ਗ਼ਜ਼ਲ ਨੂੰ ਉਹ ਕੁਝ ਦਿੱਤਾ ਹੈ ਜੋ ਗ਼ਜ਼ਲ ਕੋਲ ਪਹਿਲਾਂ ਨਹੀਂ ਸੀ। ਸਾਨੂੰ ਉਸ ਆਦਮੀ (ਖ਼ਾਸ ਕਰਕੇ ਪੰਜਾਬੀ) ਤੇ ਮਾਣ ਹੋਣਾ ਚਾਹੀਦਾ ਹੈ।

-ਪ੍ਰੀਤਮ ਸਿੰਘ ਧੰਜਲ, ਡੰਡਸ, ਉਨਟੇਰੀਓ।

ਇਸ ਵਾਰ 'ਵਤਨ' ਨੇ ਨਵਤੇਜ ਭਾਰਤੀ ਦੀ ਕਵਿਤਾ ਤੇ ਅੰਕ ਫੋਕਸ ਕਰਕੇ ਬਹੁਤ ਵਧੀਆ ਕੀਤਾ ਹੈ ਤੇ ਭਾਰਤੀ ਦੀਆਂ ਮਹੱਤਵਪੂਰਣ ਕਵਿਤਾਵਾਂ ਨੂੰ ਛਾਪਕੇ ਉਸਨੂੰ ਪੰਜਾਬੀ ਕਵਿਤਾ ਦੇ ਕੇਂਦਰ ਵਿਚ ਲਿਆਂਦਾ ਹੈ। ਭਾਰਤੀ ਸਾਡਾ ਬੜਾ ਹੀ ਪਿਆਰਾ ਤੇ ਸੰਵੇਦਨਸ਼ੀਲ ਕਵੀ ਹੈ। ਇਸ ਲਈ 'ਵਤਨ' ਦੇ ਇਸ ਅੰਕ ਦਾ ਸਾਰੇ ਹੀ ਚੰਗੇ ਸਾਹਿਤ ਪ੍ਰੇਮੀਆਂ ਨੇ ਬੜਾ ਆਨੰਦ ਲਿਆ ਹੋਣੈ।

ਪਾਸ਼ ਸਮਾਗਮ ਵਾਲੀ ਰਿਪੋਰਟ ਛਾਪਣ ਲਈ ਧੰਨਵਾਦੀ ਹਾਂ। ਇਸ ਵਿਚ ਮੇਰੀ ਭੁੱਲ ਨਾਲ ਇਕ ਉਕਾਈ ਰਹਿ ਗਈ ਸੀ। ਉੱਥੇ ਪ੍ਰਦੇਸੀ ਵਸੇ ਸਾਹਿਤਕਾਰ ਸੁਖਪਾਲ ਵੱਲੋਂ ਸੰਪਾਦਤ ਪੁਸਤਕ 'ਗੋਦ ਲਏ ਗੀਤ' ਵੀ ਰਿਲੀਜ਼ ਕੀਤੀ ਗਈ ਸੀ। ਇਸ ਪੁਸਤਕ ਵਿਚ ਭਾਰਤੀ ਤੇ ਵਿਦੇਸ਼ੀ ਜ਼ਬਾਨਾਂ ਵਿਚੋਂ ਲਏ ਕਰਾਂਤੀਕਾਰੀ ਗੀਤਾਂ ਦਾ ਪੰਜਾਬੀ ਤਰਜਮਾ ਸੰਕਲਤ ਹੈ। **-ਚਮਨ ਲਾਲ ਪ੍ਰਭਾਕਰ, ਭਾਰਤ।**

ਤੁਸੀਂ ਮੇਰੀਆਂ ਕਵਿਤਾਵਾਂ ਵਤਨ ਦੇ ਪਾਠਕਾਂ ਨਾਲ ਏਨੇ ਪਿਆਰ ਨਾਲ ਸਾਂਝੀਆਂ ਕੀਤੀਆਂ ਹਨ ਕਿ ਤੁਹਾਡਾ ਧੰਨਵਾਦ ਸਾਧਾਰਣ ਸ਼ਬਦਾਂ ਵਿਚ ਕਰਨ ਦੀ ਥਾਂ ਹੋਰ ਕਵਿਤਾਵਾਂ ਲਿਖ ਕੇ ਹੀ ਕੀਤਾ ਜਾ ਸਕਦਾ ਹੈ।

ਇਹਨਾਂ ਕਵਿਤਾਵਾਂ ਨੂੰ ਹੁੰਗਾਰਾ ਵੀ ਮਿਲਿਆ ਹੈ। ਸਵਿਟਜ਼ਰਲੈਂਡ ਤੋਂ ਦੇਵ ਨੇ ਫੋਨ ਕੀਤਾ ਹੈ ਅਤੇ ਸਾਧੂ ਸਿੰਘ ਧਾਮੀ ਨੇ ਖ਼ਤ ਲਿਖਿਆ ਹੈ। ਹੈਲੀਫੈਕਸ, ਟਰਾਂਟੋ ਅਤੇ ਹੋਰ ਥਾਵਾਂ ਤੋਂ ਵੀ ਫੋਨ ਆਏ ਹਨ ਅਤੇ ਆ ਰਹੇ ਹਨ। ਲਗਦਾ ਹੈ ਸਾਡੀ ਸੰਸਕ੍ਰਿਤੀ ਵਿਚੋਂ ਕਵਿਤਾ ਅਜੇ ਪੂਰੀ ਤਰ੍ਹਾਂ ਅਸੰਗਤ (irrelevant) ਨਹੀਂ ਹੋਈ। ਇਸ ਗੱਲ ਦੀ ਮੈਨੂੰ ਖ਼ੁਸ਼ੀ ਹੈ। ਮੇਰਾ ਵਿਸ਼ਵਾਸ ਹੈ ਕਿ ਕਵਿਤਾ ਵਿਚ ਹੀ ਸਾਡੀ ਸੰਸਕ੍ਰਿਤੀ ਦੀ ਗਤੀ ਹੈ। ਏਥੇ ਮੈਂ ਕਵਿਤਾ ਨੂੰ ਇਕ ਦ੍ਰਿਸ਼ਟੀ ਵੱਜੋਂ ਲੈ ਰਿਹਾ ਹਾਂ, ਸਾਹਿਤਕ ਰੂਪ ਵਜੋਂ ਨਹੀਂ। ਤੇ ਇਹ ਦ੍ਰਿਸ਼ਟੀ (ਜਿਸ ਨੂੰ ਅਸੀਂ ਕਾਵਿ ਦ੍ਰਿਸ਼ਟੀ ਕਹਿ ਸਕਦੇ ਹਾਂ) ਕੇਵਲ ਕਵਿਤਾ ਨਾਲ ਹੀ ਸੰਬੰਧਤ ਨਹੀਂ, ਇਹ ਹਰ ਤਰ੍ਹਾਂ ਦੀ ਸਿਰਜਣਾਤਮਕ ਪ੍ਰਕ੍ਰਿਆ ਦਾ ਪ੍ਰੇਰਣਾ ਸਰੋਤ ਹੈ। ਇਹ ਅਵਸਰ ਇਸ ਦ੍ਰਿਸ਼ਟੀ ਦੀ ਵਿਆਖਿਆ ਕਰਨ ਦਾ ਨਹੀਂ ਪਰ ਮੇਰਾ ਵਿਸ਼ਵਾਸ ਹੈ ਕਿ ਜਿਸ ਸਰਵਨਾਸ਼ ਵੱਲ ਅਸੀਂ ਅੰਨੇਵਾਹ ਧੱਕੇ ਜਾ ਰਹੇ ਹਾਂ ਉਸਦਾ ਵੈਰਾਟ ਰੂਪ ਅਸੀਂ ਕਾਵਿਕ ਦ੍ਰਿਸ਼ਟੀ ਨਾਲ ਹੀ 'ਵੇਖ' ਸਕਦੇ ਹਾਂ। ਇਹ ਦ੍ਰਿਸ਼ਟੀ ਹੀ ਸਾਡੀ ਸੁਰਤ ਵਿਚ ਕੋਈ ਕ੍ਰਾਂਤੀਕਾਰੀ ਪਰਿਵਰਤਨ ਲਿਆ ਸਕਦੀ ਹੈ। ਚੀਜ਼ਾਂ ਅਤੇ ਘਟਨਾਵਾਂ ਨੂੰ ਵੱਖ ਵੱਖ ਕਰਕੇ ਵਿਸ਼ਲੇਸ਼ਣ ਕਰਨ ਵਾਲੀ ਦ੍ਰਿਸ਼ਟੀ ਏਥੇ ਕੰਮ ਨਹੀਂ ਆ ਸਕਦੀ। ਇਸ ਬਾਰੇ ਕਦੇ ਫੇਰ ਖੁਲ੍ਹ ਕੇ ਗੱਲ ਕਰਾਂਗੇ।

-ਨਵਤੇਜ ਭਾਰਤੀ, ਲੰਡਨ, ਉਨਟੇਰੀਓ।

... ... ਇਹ ਗੱਲ ਸਹਿਜੇ ਹੀ ਸਾਹਮਣੇ ਆਉਂਦੀ ਹੈ ਕਿ 'ਵਤਨ' ਪੰਜਾਬੀ ਦੇ ਸਾਹਿਤਕ ਪਰਚਿਆਂ ਵਿਚ ਨਿਵੇਕਲੀ ਤੇ ਮਹੱਤਵਪੂਰਨ ਥਾਂ ਰੱਖਦਾ ਹੈ। ਕੁਝ ਪੱਖਾਂ ਤੋਂ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਵਿਚ ਇਹਦਾ ਕੋਈ ਬਦਲ ਨਹੀਂ। ਪਰੰਤੂ, ਇਸ ਨੂੰ ਸਿਰਫ ਪੰਜਾਬੋਂ ਬਾਹਰਲੇ ਲੇਖਕਾਂ ਤੱਕ ਮਹਿਦੂਦ ਕਰਨਾ ਉਚਿਤ ਨਹੀਂ ਹੈ। ਇਹਦੇ ਵਿਚ ਇਧਰਲੇ ਪਾਸੇ ਦੀਆਂ ਰਚਨਾਵਾਂ ਨੂੰ ਵੀ ਸ਼ਾਮਿਲ ਕਰਨ ਦੀ ਲੋੜ ਹੈ, ਇਹਦੇ ਨਾਲ ਇਕ ਤਾਂ ਇਹਦਾ ਘੇਰਾ ਵਿਸ਼ਾਲ ਹੋਵੇਗਾ ਤੇ ਦੂਸਰੇ ਸੰਪਾਦਕ ਵਾਰ ਵਾਰ ਕੁਝ ਕੁ ਲੇਖਕਾਂ ਨੂੰ ਪ੍ਰਕਾਸ਼ਿਤ ਕਰਨ ਦੀ ਮਜਬੂਰੀ ਤੋਂ ਬਚ ਜਾਣਗੇ। ਉਂਞ ਵੀ ਪੰਜਾਬੀ ਭਾਸ਼ਾ ਦੇ ਕਿਸੇ ਪੱਤਰ ਦਾ ਨਾਂ ਜਦੋਂ 'ਵਤਨ' ਹੋਏਗਾ ਤਾਂ ਇਹਦਾ ਅਰਥ ਕਨੇਡਾ ਕਦੇ ਨਹੀਂ ਹੋ ਸਕੇਗਾ। 'ਵਤਨ' ਸ਼ਬਦ ਉਸੇ ਖਿੱਤੇ ਦੇ ਅਰਥ ਦੇਵੇਗਾ, ਜਿਸ ਖਿੱਤੇ ਦੀ ਭਾਸ਼ਾ ਦਾ ਇਹ ਸ਼ਬਦ ਹੈ। 'ਵਤਨ' ਵਿਚ ਵਤਨ ਦੇ ਲੇਖਕਾਂ ਦੀਆਂ ਰਚਨਾਵਾਂ ਨੂੰ ਥਾਂ ਮਿਲਣੀ ਹੀ ਚਾਹੀਦੀ ਹੈ। 'ਵਤਨ' ਦਾ ਪੁਸਤਕ ਰੀਵੀਊ ਤੇ ਸਾਹਿਤ ਆਲੋਚਨਾ ਨਾਲ ਸੰਬੰਧਿਤ ਹਿੱਸਾ ਵੇਖ ਕੇ ਜ਼ਰੂਰ ਨਿਰਾਸ਼ਾ ਹੁੰਦੀ ਹੈ। ਸਾਹਿਤਕ ਰਚਨਾਵਾਂ ਦੇ ਰੀਵੀਊ ਪੜ੍ਹਦਿਆਂ ਇਹ ਅਹਿਸਾਸ ਲਗਾਤਾਰ ਹੁੰਦਾ ਹੈ ਕਿ ਸਾਹਿਤ ਸਮੀਖਿਆ ਦਾ ਇਹ ਪੱਧਰ ਘੱਟ ਤੋਂ ਘੱਟ ਲੋੜੀਂਦਾ ਮਿਆਰ ਵੀ ਪੂਰਾ ਕਰਦਾ ਨਜ਼ਰ ਨਹੀਂ ਆਉਂਦਾ। ਇਕ ਤਾਂ ਸਾਹਿਤਕ ਆਲੋਚਨਾ ਸੰਬੰਧੀ ਲੇਖ ਘੱਟ ਛਪੇ ਨਜ਼ਰ ਆਏ ਹਨ, ਤੇ ਦੂਜੇ ਜੋ ਰੀਵੀਊ ਪੜ੍ਹਨ ਨੂੰ ਮਿਲੇ ਹਨ, ਉਨ੍ਹਾਂ ਦਾ ਪੱਧਰ 'ਵਤਨ' ਦੀਆਂ ਬਾਕੀ ਰਚਨਾਵਾਂ ਦੇ ਮੁਕਾਬਲੇ 'ਤੇ ਕਾਫੀ ਨੀਵਾਂ ਹੈ। ਇਨ੍ਹਾਂ ਦਾ ਰੀਵੀਊ ਪੜ੍ਹਕੇ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਪਰਵਾਸੀ ਲੇਖਕਾਂ ਕੋਲ ਸਿਰਜਨਾਤਮਕ ਸਮਰੱਥਾ ਤਾਂ ਹੈ ਪਰ ਸਮੀਖਿਅਕ-ਦ੍ਰਿਸ਼ਟੀ ਦਾ ਆਭਾਵ ਹੈ। ਉਂਞ ਵੀ ਸਿਰਜਨਾ ਤੇ ਸਮੀਖਿਆ ਦੇ ਵੱਖਰੇ ਵੱਖਰੇ ਅਨੁਭਵ ਖੇਤਰਾਂ ਦੀ ਵਸਤੂ ਹਨ ਤੇ ਜ਼ਰੂਰੀ ਨਹੀਂ ਕਿ ਸਿਰਜਕ ਚੰਗਾ ਸਮੀਖਿਅਕ ਵੀ ਹੋਵੇ।

ਸੋ ਸੰਪਾਦਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਘੇਰੇ ਵਿਚ ਆਉਣ ਵਾਲੇ ਸਿਰਜਨਾਤਮਕ ਲੇਖਕਾਂ ਕੋਲੋਂ ਸਮੀਖਿਅਕਾਂ ਦਾ ਕੰਮ ਲੈਣ ਦੀ ਥਾਂ ਕੋਈ ਬਦਲਵਾਂ ਪ੍ਰਬੰਧ ਕਰਨ ਦਾ ਯਤਨ ਕਰਨ। ਇਹਦੇ ਨਾਲ 'ਵਤਨ' ਦੀ ਛਵੀ ਹੋਰ ਨਿੱਖਰੇਗੀ। 'ਵਤਨ' ਦੇ ਮੌਜੂਦਾ ਮਿਆਰ ਦੇ ਆਧਾਰ 'ਤੇ ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਇਹ ਇਸੇ ਤਰ੍ਹਾਂ ਅੱਗੇ ਵੱਧਦਾ ਗਿਆ, ਤਾਂ ਆਉਣ ਵਾਲੇ ਸਮੇਂ ਵਿਚ ਇਹ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਦਾ ਮੀਲ-ਪੱਥਰ ਸਿੱਧ ਹੋਵੇਗਾ।

- **ਨਵਾਂ ਜ਼ਮਾਨਾ** (ਜਲੰਧਰ, ਐਤਵਾਰ 5 ਸਤੰਬਰ, 1993) ਵਿਚ ਛਪੇ
ਸੁਰਜੀਤ ਜੱਜ ਦੇ ਕਾਲਮ 'ਏਧਰ-ਉਧਰ' ਵਿਚੋਂ

ਸਰਗਰਮੀਆਂ

20 ਜੂਨ, ਟਰਾਂਟੋ: ਪੰਜਾਬੀ ਕਹਾਣੀਕਾਰ ਸ੍ਰੀਮਤੀ ਬਚਿੰਤ ਕੌਰ ਨਾਲ ਟਰਾਂਟੋ ਅਤੇ ਆਸਪਾਸ ਦੇ ਸਾਹਿਤਕਾਰਾਂ ਵਲੋਂ ਮਾਲਟਨ ਕਮਿਊਨਟੀ ਸੈਂਟਰ ਵਿਖੇ ਸਾਹਿਤਕ ਜਥੇਬੰਦੀ 'ਕਲਮਾਂ ਦਾ ਕਾਫ਼ਲਾ' ਵਲੋਂ ਇਕ ਸਾਹਿਤਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਜਰਨੈਲ ਸਿੰਘ ਕਹਾਣੀਕਾਰ, ਬਲਬੀਰ ਸਿੰਘ ਮੋਮੀ ਅਤੇ ਇਕਬਾਲ ਰਾਮੂਵਾਲੀਆ ਸੁਸ਼ੋਭਿਤ ਸਨ।

ਸਮਾਗਮ ਦੇ ਸ਼ੁਰੂ ਵਿਚ 'ਪੰਜਾਬੀ ਕਲਮਾਂ ਦਾ ਕਾਫ਼ਲਾ' ਦੇ ਮੀਤ ਪ੍ਰਧਾਨ ਮੇਜਰ ਮਾਂਗਟ ਨੇ ਆਪਣੇ ਸਵਾਗਤੀ ਭਾਸ਼ਨ ਵਿਚ ਸ੍ਰੀਮਤੀ ਬਚਿੰਤ ਕੌਰ ਨੂੰ ਜੀ ਆਇਆਂ ਆਖਦਿਆਂ ਉਹਨਾਂ ਦੀ ਜਾਣ ਪਛਾਣ ਹਾਜ਼ਰ ਸਾਹਿਤਕਾਰਾਂ ਨਾਲ ਕਰਾਈ। ਮਾਂਗਟ ਹੁਰਾਂ ਤੋਂ ਬਾਅਦ ਸੰਸਥਾ ਦੇ ਪ੍ਰਧਾਨ ਜਰਨੈਲ ਸਿੰਘ ਨੇ ਬਚਿੰਤ ਕੌਰ ਜੀ ਦੀ ਕਹਾਣੀ ਕਲਾ ਬਾਰੇ, ਉਹਨਾਂ ਦੀ ਪੁਸਤਕ "ਸੂਹਾ ਰੰਗ ਸਿਆਹ ਰੰਗ" ਦੇ ਸੰਦਰਭ ਵਿਚ, ਬੋਲਦਿਆਂ ਹੋਰਨਾਂ ਇਸਤਰੀ ਲੇਖਿਕਾਵਾਂ ਦੇ ਮੁਕਾਬਲੇ ਉਹਨਾਂ ਦੇ ਸੰਤੁਲਤ ਤੇ ਵਿਸ਼ਾਲ ਦ੍ਰਿਸ਼ਟੀਕੋਣ ਦੀ ਭਰਪੂਰ ਸ਼ਲਾਘਾ ਕੀਤੀ।

ਇਕਬਾਲ ਰਾਮੂਵਾਲੀਆ ਨੇ ਬਚਿੰਤ ਕੌਰ ਹੁਰਾਂ ਦੀ ਸਵੈਜੀਵਨੀ "ਪਗਡੰਡੀਆ" ਦੇ ਸੰਦਰਭ ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ ਉਹਨਾਂ ਵਲੋਂ ਜੀਵਨ ਦੇ ਬਿਖੜੇ ਪੈਂਡਿਆਂ ਨੂੰ ਸਾਬਤ ਕਦਮੀ ਸਰ ਕਰਨ ਦੇ ਨਾਲ ਨਾਲ ਪੰਜਾਬੀ ਸਾਹਿਤ ਵਿਚ ਵੱਡਮੁੱਲੇ ਯੋਗਦਾਨ ਲਈ ਆਪਣੀ ਦਿਲੀ ਮੁਬਾਰਕਬਾਦ ਔਰ ਦਾਦ ਪੇਸ਼ ਕੀਤੀ।

ਬਚਿੰਤ ਕੌਰ ਜੀ ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਗੱਲਬਾਤ ਕੀਤੀ। ਉਹਨਾਂ ਤੋਂ ਬਾਅਦ ਤਿਰਲੋਚਨ ਗਿੱਲ ਅਤੇ 'ਪੰਜਾਬੀ ਕਲਮਾਂ ਦੇ ਕਾਫਲਾ' ਦੇ ਜਨਰਲ ਸਕੱਤਰ ਉਂਕਾਰਪ੍ਰੀਤ ਸਿੰਘ ਨੇ ਸ੍ਰੀਮਤੀ ਬਚਿੰਤ ਕੌਰ ਜੀ ਦੀ ਰਚਨਾ ਬਾਰੇ ਗੱਲਬਾਤ ਕੀਤੀ। ਇਸ ਤੋਂ ਬਾਅਦ ਆਏ ਸ੍ਰੋਤਿਆਂ ਨੇ ਬਚਿੰਤ ਕੌਰ ਹੁਰਾਂ ਤੋਂ ਪ੍ਰਸ਼ਨ ਪੁੱਛੇ ਜਿਹਨਾਂ ਦੇ ਜੁਆਬ ਸ੍ਰੀਮਤੀ ਬਚਿੰਤ ਕੌਰ ਨੇ ਬੜੇ ਠਰੰਮੇ, ਸਹਿਜ ਤੇ ਬਾਦਲੀਲ ਢੰਗ ਨਾਲ ਦਿੱਤੇ।

ਅਗਲੇ ਦੌਰ ਵਿਚ ਬਚਿੰਤ ਕੌਰ ਹੁਰਾਂ ਦੀ ਪ੍ਰਧਾਨਗੀ ਹੇਠ ਇਕ ਕਵੀ ਦਰਬਾਰ ਹੋਇਆ ਜਿਸ ਵਿਚ ਪੰਜਾਬੀ ਦੇ ਉੱਘੇ ਸ਼ਾਇਰ ਜਨਾਬ ਨਜ਼ੀਰ ਸਦਰ, ਨਵਤੇਜ ਭਾਰਤੀ, ਚਿੱਤਰਕਾਰ ਸੋਹਣ ਕਾਦਰੀ ਤੋਂ ਇਲਾਵਾ ਪ੍ਰੀਤਮ ਧੰਜਲ, ਮਨਜੀਤ ਹੁੰਦਲ, ਕ੍ਰਿਪਾਲ ਕੰਵਲ, ਰਵਿੰਦਰਜੀਤ ਬਸਰਾ, ਕੁਲਵਿੰਦਰ ਖ਼ਹਿਰਾ ਅਤੇ ਜਗਦੀਸ਼ ਦੀਸ਼ਾ ਨੇ ਭਾਗ ਲਿਆ। ਤਕਰੀਬਨ ਪੰਜ ਘੰਟੇ ਚੱਲੇ ਇਸ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਉਂਕਾਰਪ੍ਰੀਤ ਸਿੰਘ ਨੇ ਨਿਭਾਈ॥

3 ਜੁਲਾਈ, ਟਰਾਂਟੋ: ਸਾਹਿਤਕ ਜਥੇਬੰਦੀ 'ਪੰਜਾਬੀ ਕਲਮਾਂ ਦਾ ਕਾਫਲਾ' ਵਲੋਂ ਜਥੇਬੰਦੀ ਦੇ ਤਾਲਮੇਲ ਸਕੱਤਰ ਤੇ ਨੌਜਵਾਨ ਪੰਜਾਬੀ ਸ਼ਾਇਰ ਬਲਤੇਜ ਪੰਨੂ ਦੀ ਪਲੇਠੀ ਪੁਸਤਕ 'ਸੁਲਘਦੇ ਅੱਖਰ' ਤੇ ਗੋਸ਼ਟੀ ਦਾ ਆਯੋਜਨ ਕੀਤਾ ਗਿਆ।

ਪ੍ਰੋਗਰਾਮ ਦੇ ਸ਼ੁਰੂ ਵਿਚ 'ਪੰਜਾਬੀ ਕਲਮਾਂ ਦਾ ਕਾਫਲਾ' ਦੇ ਮੀਤ ਪ੍ਰਧਾਨ ਮੇਜਰ ਮਾਂਗਟ ਨੇ ਸੰਸਥਾਂ ਬਾਰੇ ਸੰਖੇਪ ਜਾਣਕਾਰੀ ਅਤੇ ਬਲਤੇਜ ਪੰਨੂ ਦੀ ਸ਼ਖਸੀਅਤ ਅਤੇ ਸ਼ਾਇਰੀ ਦੇ ਸੰਦਰਭ ਵਿਚ ਵਿਚਾਰ ਪੇਸ਼ ਕੀਤੇ। ਫਿਰ ਸਰਵ ਸ੍ਰੀ ਹਰਜੀਤ ਸਿੰਘ, ਬੀ. ਕੇ. ਧਾਮੀ, ਪਾਲ ਸੁਖਾਣੇਵਾਲਾ, ਬੀ. ਕੇ ਬੁੱਕਣ ਅਤੇ ਰੇਡੀਉ ਤੇ ਟੀ. ਵੀ. ਪੰਜਾਬੀ ਪ੍ਰੋਗਰਾਮ ਨਿਰਮਾਤਾ ਕੁਲਦੀਪ ਦੀਪਕ ਹੁਰਾਂ ਬਲਤੇਜ ਦੀਆਂ ਰਚਨਾਵਾਂ ਗਾਕੇ ਪੇਸ਼ ਕੀਤੀਆਂ।

ਅਗਲੇ ਦੌਰ ਵਿਚ ਪੰਨੂ ਦੀ ਸ਼ਾਇਰੀ ਉੱਪਰ ਜਸਬੀਰ ਚੀਮਾ ਅਤੇ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਹੁਰਾਂ ਆਪਣੇ ਪਰਚੇ ਪੜ੍ਹੇ। ਪਰਚਿਆਂ ਤੋਂ ਬਾਅਦ ਬਹਿਸ ਦਾ ਦੌਰ ਆਰੰਭ ਹੋਇਆ ਜਿਸ ਵਿਚ ਸਰਵ ਸ੍ਰੀ ਬਲਰਾਜ ਚੀਮਾ, ਸੁਖਿੰਦਰ, ਤਰਲੋਚਨ ਗਿੱਲ, ਬਲਬੀਰ ਮੋਮੀ, ਗੁਰਦੀਪ ਚੌਹਾਨ ਅਤੇ ਇਕਬਾਲ ਰਾਮੂਵਾਲੀਆ ਨੇ ਹਿੱਸਾ ਲਿਆ।

ਪ੍ਰੋਗਰਾਮ ਵਿਚ ਉਚੇਚੇ ਤੌਰ ਤੇ ਪੁੱਜੇ ਡਾ: ਹਰਚਰਨ ਸਿੰਘ ਨਾਟਕਕਾਰ ਹੁਰਾਂ ਨੇ ਵੀ ਆਪਣੇ ਵਿਚਾਰ ਹਾਜ਼ਰ ਸਾਹਿਤਕਾਰਾਂ ਨਾਲ ਸਾਂਝੇ ਕੀਤੇ ਅਤੇ ਪੁਸਤਕ 'ਸੁਲਘਦੇ ਅੱਖਰ' ਤੇ 'ਕੇਂਦਰੀ ਪੰਜਾਬੀ ਲੇਖਕ ਸਭਾ' ਵਲੋਂ ਚੰਡੀਗੜ੍ਹ ਵਿਖੇ ਗੋਸ਼ਟੀ ਕਰਨ ਦਾ ਐਲਾਨ ਕੀਤਾ।

ਪ੍ਰੋਗਰਾਮ ਦੇ ਅੰਤ ਵਿਚ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਕਵੀ ਦਰਬਾਰ ਵਿਚ ਨਿਊਯਾਰਕ ਤੋਂ ਪੁੱਜੇ ਸ਼ਾਇਰ ਸਤਨਾਮ ਸਿੰਘ, ਦੀਪ ਸਿੰਘ ਬੇਪਾਰਾਏ, ਕ੍ਰਿਪਾਲ ਕੰਵਲ, ਤਰਲੋਚਨ ਗਿੱਲ, ਕੁਲਵਿੰਦਰ ਖਹਿਰਾ, ਮੇਜਰ ਮਾਂਗਟ, ਬਲਤੇਜ ਪੰਨੂ, ਇਕਬਾਲ ਰਾਮੂਵਾਲੀਆ, ਉਂਕਾਰਪ੍ਰੀਤ ਤੇ ਜਰਨੈਲ ਸਿੰਘ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪ੍ਰੋਗਰਾਮ ਵਿਚ ਸ਼ਾਮਲ ਉੱਘੇ ਢਾਡੀ ਤੇ ਕਵੀਸ਼ਰ ਕਰਨੈਲ ਸਿੰਘ ਪਾਰਸ ਨੇ ਆਪਣੀ ਕਵਿਤਾ 'ਯੁੱਗ ਯੁੱਗ ਜੀਵੇ ਦੇਸ਼ ਕਨੇਡਾ... ਸੁਣਾ ਕੇ ਸਰੋਤਿਆਂ ਤੋਂ ਭਰਪੂਰ ਦਾਦ ਲਈ।

ਇਸ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਉਂਕਾਰਪ੍ਰੀਤ ਨੇ ਨਿਭਾਈ।

–ਉਂਕਾਰਪ੍ਰੀਤ ਸਿੰਘ

9–11 ਜੁਲਾਈ, ਵਿਨੀਪੈਗ: ਕਨੇਡਾ ਦੇ ਮੈਦਾਨੀ ਸੂਬੇ ਮੈਨੀਟੋਬਾ ਦੇ ਸ਼ਹਿਰ ਵਿਨੀਪੈਗ ਵਿਚ 9 ਜੁਲਾਈ ਤੋਂ 11 ਜੁਲਾਈ, 1993 ਤੱਕ ਸਾਹਿਤ ਵਿਚਾਰ ਮੰਚ ਵਿਨੀਪੈਗ ਨੇ 'ਉਤਰੀ ਅਮਰੀਕਨ ਪੰਜਾਬੀ ਸਾਹਿਤਕ ਕਾਨਫਰੰਸ' ਅਯੋਜਿਤ ਕੀਤੀ। ਇਸ ਕਾਨਫਰੰਸ ਵਿਚ ਵੈਨਕੂਵਰ (ਬੀ. ਸੀ.) ਤੋਂ ਗਿਆਨੀ ਕੇਸਰ ਸਿੰਘ ਅਤੇ ਗੁਰਚਰਨ ਰਾਮਪੁਰੀ ਤੋਂ ਬਿਨਾਂ ਹੋਰ ਬਹੁਤ ਸਾਰੇ ਸਾਹਿਤਕਾਰਾਂ ਨੇ ਭਾਗ ਲਿਆ। ਅਲਬਰਟਾ ਅਤੇ ਓਨਟੇਰੀਓ ਦੇ ਸੂਬਿਆਂ ਤੋਂ ਵੀ ਬਹੁਤ ਸਾਰੇ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਇਸ ਕਾਨਫਰੰਸ ਵਿਚ ਸ਼ਾਮਿਲ ਹੋਏ। ਇਨ੍ਹਾਂ ਤੋਂ ਇਲਾਵਾ ਇਕ ਮਹਿਮਾਨ ਕਵਿਤਰੀ ਬਰੈਡਫੋਰਡ (ਇੰਗਲੈਂਡ) ਤੋਂ ਵੀ ਕਾਨਫਰੰਸ ਵਿਚ ਹਾਜ਼ਰ ਸੀ। ਦੋ ਦਿਨ ਸਾਹਿਤਕ ਵਿਸ਼ਿਆਂ ਉਪਰ ਪਰਚੇ ਪੜ੍ਹੇ ਗਏ ਅਤੇ ਇਨ੍ਹਾਂ ਉਤੇ ਵਿਚਾਰ ਵਟਾਂਦਰਾ ਹੋਇਆ।

ਸਭ ਤੋਂ ਪਹਿਲਾ ਪਰਚਾ 'ਸਾਹਿਤ ਅਤੇ ਸਾਹਿਤਕਾਰ ਦੀ ਪ੍ਰਤੀਬੱਧਤਾ' ਦਰਸ਼ਨ ਗਿੱਲ (ਵੈਨਕੂਵਰ) ਨੇ ਲਿਖਿਆ ਅਤੇ ਬਲਦੇਵ ਦੂਹੜੇ (ਵੈਨਕੂਵਰ) ਨੇ ਪੇਸ਼ ਕੀਤਾ। ਇਸ ਸੈਸ਼ਨ ਦੀ ਪ੍ਰਧਾਨਗੀ ਡਾ: ਸਾਧੂ ਸਿੰਘ ਨੇ ਕੀਤੀ ਅਤੇ ਮਾਡਰੇਟਰ ਸੁਖਵੰਤ ਹੁੰਦਲ ਸਨ। ਇਸ ਪਰਚੇ ਉਪਰ ਬਹੁਤ ਸੰਜੀਦਾ ਗਲ ਬਾਤ ਦੋ ਘੰਟੇ ਤੋਂ ਵੱਧ ਤਕ ਚਲਦੀ ਰਹੀ ਜਿਸ ਵਿਚ ਆਏ ਸਾਹਿਤਕਾਰਾਂ ਅਤੇ ਸਰੋਤਿਆਂ ਨੇ ਭਾਗ ਲਿਆ। ਇਸ ਤੋਂ ਉਪਰੰਤ ਡਾ: ਸਾਧੂ ਸਿੰਘ ਹੁਰਾਂ ਵਿਸਥਾਰ ਵਿਚ ਇਸ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟਾਏ।

ਦੂਜਾ ਪਰਚਾ 'ਸਾਹਿਤ ਵਿਚ ਇਨਾਮਾਂ ਦਾ ਰੋਲ' ਜੁਗਿੰਦਰ ਸ਼ਮਸ਼ੇਰ (ਵਿਨੀਪੈਗ) ਹੁਰਾਂ ਪੜ੍ਹਿਆ। ਜਿਸ ਵਿਚ ਉਹਨਾਂ ਇਨਾਮਾਂ ਦੀ ਯੋਗਤਾ ਅਤੇ ਦ੍ਰਿਸ਼ਟੀਕੋਣ ਵੱਲ ਇਸ਼ਾਰੇ ਕੀਤੇ। ਇਸ ਸੈਸ਼ਨ ਦੀ ਪ੍ਰਧਾਨਗੀ ਗੁਰਚਰਨ ਰਾਮਪੁਰੀ ਨੇ ਕੀਤੀ ਅਤੇ ਮਾਡਰੇਟਰ ਸਤਵੰਤ ਦੀਪਕ ਸੀ। ਇਸ ਪਰਚੇ ਉਤੇ ਕਾਫੀ ਸਰੋਤਿਆਂ ਨੇ ਇਨਾਮਾਂ ਦੀ ਯੋਗ ਅਤੇ ਅਯੋਗ ਵਰਤੋਂ ਬਾਰੇ ਆਪਣੇ ਵਿਚਾਰ ਪ੍ਰਗਟਾਏ।

ਤੀਜਾ ਪਰਚਾ ਸੁਖਵੰਤ ਹੁੰਦਲ (ਵੈਨਕੂਵਰ) ਵਲੋਂ 'ਪੰਜਾਬੀ ਸਾਹਿਤ ਵਿਚ ਪਾਠਕਾਂ ਦੀ ਘਾਟ' ਬਾਰੇ ਪੜ੍ਹਿਆ ਗਿਆ। ਇਕਬਾਲ ਰਾਮੂਵਾਲੀਆ ਇਸ ਸੈਸ਼ਨ ਦੇ ਪ੍ਰਧਾਨ ਸਨ ਅਤੇ ਬਲਰਾਜ ਚੀਮਾ ਇਸਦੇ ਮਾਡਰੇਟਰ ਸਨ। ਇਸ ਪਰਚੇ ਵਿਚ ਸੁਖਵੰਤ ਹੁੰਦਲ ਨੇ ਪੰਜਾਬੀ ਸਾਹਿਤ ਪ੍ਰਤੀ ਪਾਠਕਾਂ ਦੀ ਪਹੁੰਚ ਅਤੇ ਸੰਬੰਧਤ ਸਮੱਸਿਆਵਾਂ ਸਰੋਤਿਆਂ ਅੱਗੇ ਪੇਸ਼ ਕੀਤੀਆਂ ਜਿਸਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਰੋਤਿਆਂ ਨੇ ਵੀ ਆਪਣੇ ਵਲੋਂ ਕਾਫ਼ੀ ਸਮੱਸਿਆਵਾਂ ਦਾ ਜ਼ਿਕਰ ਕੀਤਾ ਅਤੇ ਉਹਨਾਂ ਦੇ ਹਲ ਸੁਝਾਏ।

ਚੌਥਾ ਪਰਚਾ 'ਸਾਹਿਤਕਾਰਾਂ ਦਾ ਸਿਆਸੀ ਪਾਰਟੀਆਂ ਦੇ ਪਿਛਲੱਗ ਹੋਣਾ' ਡਾਕਟਰ ਅਮਰ ਸਿੰਘ ਧਾਲੀਵਾਲ (ਵਿਨੀਪੈਗ) ਨੇ ਬਹੁਤ ਮਿਹਨਤ ਨਾਲ ਤਿਆਰ ਕਰਕੇ ਸਰੋਤਿਆਂ ਅੱਗੇ ਰੱਖਿਆ। ਇਸ ਸੈਸ਼ਨ ਦੇ ਪ੍ਰਧਾਨ ਸਨ ਸੁਰਿੰਦਰ ਧੰਜਲ ਅਤੇ ਮਾਡਰੇਟਰ ਸਨ ਅਜਮੇਰ ਰੋਡੇ। ਇਸ ਪਰਚੇ ਦੀ ਸਮੱਗਰੀ ਅਤੇ ਹਵਾਲੇ ਏਨੇ ਅਮੀਰ ਤੇ ਬਹੁਪੱਖੀ ਸਨ ਕਿ ਇਹਦਾ ਗਿਆਨ ਬਹੁਤ ਥਾਵਾਂ ਉੱਤੇ ਪਰਚੇ ਦੀ ਸੀਮਾ ਤੋਂ ਬਾਹਰ ਵੀ ਬਹੁਤ ਵੱਡਮੁੱਲੀ ਜਾਣਕਾਰੀ ਦਿੰਦਾ ਸੀ।

ਪੰਜਵਾਂ ਪਰਚਾ 'ਸਾਹਿਤ ਵਿਚ ਗਲਤ ਰੁਝਾਨਾਂ ਦੀ ਭਰਮਾਰ' ਮੇਜਰ ਸਿੰਘ ਮਾਂਗਟ (ਟਰਾਂਟੋ) ਨੇ ਲਿਖਿਆ ਪਰ ਉਹਨਾਂ ਦੇ ਕਾਨਫਰੰਸ ਵਿਚ ਨਾ ਪਹੁੰਚਣ ਕਰਕੇ ਪੜ੍ਹਿਆ ਨਹੀਂ ਗਿਆ।

ਸਮੁੱਚੇ ਤੌਰ ਉਪਰ ਕਾਨਫਰੰਸ ਦਾ ਵਾਤਾਵਰਣ ਬਹੁਤ ਗੰਭੀਰ ਅਤੇ ਸਾਹਿਤਕ

ਬਾਕੀ ਸਫਾ 43 'ਤੇ

NATRAJ

Restaurant, Catering Services

5656 (41st. & Fraser), Fraser Street
Vancouver, B.C.



ਤਿਰਲੋਕ ਸਰਦੇਵ

Ph: 327-6141
Or 321-4646

ਗੁਰਦੁਆਰੇ ਦੇ ਕਿਸੇ ਵੀ ਸਮਾਗਮ ਲਈ ਖਾਸ ਡਿਸਕਾਉਂਟ ਦਿੱਤਾ ਜਾਵੇਗਾ।

*** ਵਿਆਹ-ਸ਼ਾਦੀਆਂ ਦੀਆਂ ਪਾਰਟੀਆਂ, ਜਨਮ ਦਿਨ ਜਾਂ ਕਿਸੇ ਹੋਰ ਸਮਾਗਮ ਲਈ ਅਸੀ ਤੁਹਾਡੇ ਮਨਪਸੰਦ ਖਾਣਿਆਂ ਦਾ ਵਾਜ਼ਬ ਕੀਮਤ ਵਿਚ ਇੰਤਜ਼ਾਮ ਕਰ ਸਕਦੇ ਹਾਂ।**

*** ਅਸੀ 100 ਤੋਂ 1000 ਆਦਮੀਆਂ ਤੱਕ ਦੀ ਪਾਰਟੀ ਦਾ ਇੰਤਜ਼ਾਮ ਕਰਨ ਦੇ ਸਮੱਰਥ ਹਾਂ।**

ਵਾਜ਼ਬ ਕੀਮਤਾਂ ਤੇ ਫੂਡ ਦੀ ਪੂਰੀ-ਪੂਰੀ ਗਰੰਟੀ ਹੈ।

ਤੁਸੀ ਸਾਡੇ ਰੈਸਟੋਰੈਂਟ ਵਿਚ ਆਕੇ ਗਰਮਾ-ਖਾਣਿਆਂ ਜਿਵੇਂ ਤੰਦੂਰੀ ਚਿਕਨ, ਤੰਦੂਰੀ ਪੱਛੀ, ਮੱਛੀ, ਮੱਛੀ ਦੇ ਪਕੌੜੇ, ਛੋਲੇ ਭਟੂਰੇ, ਸਮੋਸੇ ਆਦਿ ਇਥੇ ਬੈਠ ਕੇ ਖਾ ਸਕਦੇ ਹੋ ਜਾਂ ਘਰ ਲਿਜਾ ਸਕਦੇ ਹੋ।

BAINS INTERNATIONAL TRAVEL

Serving B.C. Since 1951

ਘੱਟ ਤੋਂ ਘੱਟ ਕਿਰਾਏ

●India ●Pakistan ●Africa ●U.K ●Europe ●Southeast Asia ●Fiji ●Bangladesh ●Srilanka

Authorized Agents for:

Air Canada, British Airways, Canadian, Cathay Pacific, Thai Airway Intl, KLM and other major Airlines

6364 Fraser Street, Vancouver, B.C. V5W 3A4

Ph: 324-2277

Out of town call Toll Free:
1-800-661-3488

Offices also in Victoria and North Van.

BUYING OR SELLING

Residential, Farms, Lots

Always Remember To Call Your Friendly Realtor

Kuldip (Kal) Rangi
Ph.: Res. 278-8320
Bus. 322-3272

amex

AMEX INTERNATIONAL REALTY CORP.

200-6325 Fraser St. Vancouver B.C. V5W 3A3

ਉਡੀਕ

ਅਵਤਾਰ ਰੋਡੇ ਦਾ ਪਲੇਠਾ ਨਾਵਲ
ਕਨੇਡਾ ਦੇ ਪੰਜਾਬੀ ਸਾਹਿਤ ਵਿਚ ਇਕ
ਨਿੱਘਰ ਵਾਧਾ

Business Cards, Wedding Cards, Letterheads, Envelopes, Brochures, Menus, Business Forms, Flyers etc.

Special Photocopies
1-10 copies 7 cents
11-30 copies 6 cents
31-75 copies 5 cents
76 & up 4.5 cents

B/W X 11

(price per original)

FULL COLOR COPIES

BUSINESS CARDS (BLACK ON WHITE)
$19.95
1000 Business Cards

PH.: 321-0220

SUPER PRINTERS
Stationary & Copy Centre Ltd.

5934 Fraser St., VANCOUVER. V5W 2Z7

ਕਾਨਫਰੰਸ ਦੌਰਾਨ ਲਾਈ ਗਈ ਪ੍ਰਦਰਸ਼ਨੀ ਦਾ ਆਨੰਦ ਮਾਣਦੇ ਹੋਏ ਕੁਝ ਪੰਜਾਬੀ ਸ੍ਰੋਤੇ।

ਕਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ ਕਾਨਫਰੰਸ ਵਿਚ ਹਿੱਸਾ ਲੈਣ ਆਏ ਹੋਏ ਪੰਜਾਬੀ ਲੇਖਕ।

ਸਫਾ 41 ਦੀ ਬਾਕੀ

ਚੁਗਿਰਦੇ ਵਾਲਾ ਸੀ। ਕਾਨਫਰੰਸ ਵਿਚ ਪੰਜਾਬੀ ਸਾਹਿਤ ਦੇ ਉੱਘੇ ਸਾਹਿਤਕਾਰਾਂ ਦੀਆਂ ਤਸਵੀਰਾਂ ਦੀ ਨੁਮਾਇਸ਼ ਲਾਈ ਗਈ। ਪੰਜਾਬੀ ਪੁਸਤਕਾਂ ਦੀ ਪ੍ਰਦਰਸ਼ਨੀ ਸੀ ਅਤੇ ਕਨੇਡੀਅਨ ਪੰਜਾਬੀ ਲਿਖਾਰੀਆਂ ਦੀਆਂ ਕਿਤਾਬਾਂ ਵਿਕਰੀ ਲਈ ਵੀ ਰੱਖੀਆਂ ਗਈਆਂ ਸਨ। ਕਾਨਫਰੰਸ ਸੇਂਟ ਬੋਨੀਫੇਸ ਹਸਪਤਾਲ ਦੇ ਰਿਸਰਚ ਸੈਂਟਰ ਦੇ ਆਡੀਟੋਰੀਅਮ ਵਿਚ ਕੀਤੀ ਗਈ। ਇਹ ਹਾਲ ਨਵੀਨ ਤਕਨਾਲੋਜੀ ਨਾਲ ਪੂਰੀ ਤਰ੍ਹਾਂ ਲੈਸ ਸੀ ਜਿਸ ਰਾਹੀਂ ਕਾਨਫਰੰਸ ਦੀ ਸਾਰੀ ਕਾਰਵਾਈ ਵੀਡੀਓ ਅਤੇ ਆਡੀਓ ਉਤੇ ਰਿਕਾਰਡ ਕੀਤੀ ਗਈ। ਕਾਨਫਰੰਸ ਦੇ ਹਰ ਸੈਸ਼ਨ ਵਿਚ ਸਰੋਤਿਆਂ ਦੀ ਗਿਣਤੀ 50 ਤੇ 60 ਦੇ ਲਗਭਗ ਰਹੀ।

10 ਜੁਲਈ 1993, ਸਨਿਚਰਵਾਰ ਦੀ ਸ਼ਾਮ ਨੂੰ ਪਲੈਨੇਟੇਰੀਅਮ ਦੇ ਆਡੀਟੋਰੀਅਮ ਵਿਚ ਕਵੀ ਦਰਬਾਰ ਅਯੋਜਿਤ ਕੀਤਾ ਗਿਆ ਜਿਸ ਵਿਚ ਸਰੋਤਿਆਂ ਦੀ ਗਿਣਤੀ 225 ਦੇ ਲਗਭਗ ਸੀ। ਕਵੀ ਦਰਬਾਰ ਦੇ ਆਰੰਭ ਵਿਚ ਗਿਆਨੀ ਕੇਸਰ ਸਿੰਘ ਨੇ ਆਪਣੇ ਵਿਚਾਰ ਪ੍ਰਗਟਾਏ ਅਤੇ ਉਨ੍ਹਾਂ ਦੀ ਕਿਤਾਬ 'ਊਧਮ ਸਿੰਘ' (ਅੰਗਰੇਜ਼ੀ ਵਿਚ) ਰਿਲੀਜ਼ ਕੀਤੀ ਗਈ। ਵਿਨੀਪੈਗ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਕਿ ਇਥੇ ਪੰਜਾਬੀ ਦੇ ਕਵੀ ਦਰਬਾਰ ਵਿਚ ਲਗਭਗ ਸਾਰੇ ਕਨੇਡਾ ਚੋਂ ਏਨੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕੀਤਾ। ਕਵੀ ਦਰਬਾਰ ਵਿਚ ਗੁਰਚਰਨ ਰਾਮਪੁਰੀ, ਇਕਬਾਲ ਰਾਮੂਵਾਲੀਆ, ਕੁਲਵੰਤ ਨਦੀਮ, ਸੁਰਿੰਦਰ ਧੰਜਲ, ਜੁਗਿੰਦਰ ਸ਼ਮਸ਼ੇਰ, ਸਤਵੰਤ ਦੀਪਕ, ਗੁਰਚਰਨ ਟੱਲੇਵਾਲੀਆ, ਅਜਮੇਰ ਰੋਡੇ, ਸਾਧੂ, ਬਲਦੇਵ ਮੁੱਤਾ ਅਤੇ ਹਰਦਰਸ਼ਨ ਤੋਂ ਬਿਨਾਂ ਲੋਕਲ ਕਲਾਕਾਰ ਕੁਲਵੰਤ ਢਾਲਾ, ਸੁਦੇਸ਼

ਬਾਕੀ ਸਫਾ 44 'ਤੇ

ਤਰਲੋਕ ਸਬਲੋਕ

ਨੋਟਰੀ ਪਬਲਿਕ ਦੀਆਂ ਸੇਵਾਵਾਂ

*ਘਰ ਖਰੀਦਣ ਅਤੇ ਵੇਚਣ ਦੇ ਪੇਪਰ ਤਿਆਰ ਕਰਨੇ।
*ਹਰ ਕਿਸਮ ਦੀ ਬੈਂਕ ਜਾਂ ਕਰੈਡਿਟ ਯੂਨੀਅਨ ਦੀ ਮਾਰਗੇਜ।
*ਵਸੀਅਤ ਕਨੇਡਾ ਤੇ ਇੰਡੀਆ ਲਈ।
*ਡੈਕਲੇਰੇਸ਼ਨ ਤੇ ਹਲਫ਼ੀਆ ਬਿਆਨ ਆਦਿ
*ਮੁਖਤਾਰਨਾਮਾ, ਹਰ ਕੰਮ ਤੇ ਹਰ ਕਿਸਮ ਦਾ
* ਰਾਹਦਾਰੀ ਵੀਜ਼ੇ ਲਈ, ਪਾਸਪੋਰਟ ਆਦਿ ਦੇ ਕੰਮ

ਇਮੀਗਰੇਸ਼ਨ ਦੀਆਂ ਸੇਵਾਵਾਂ

* ਬਿਜ਼ਨਸ ਅਤੇ ਇਨਵੈਸਟਰ ਇਮੀਗਰੇਸ਼ਨ
* ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
* ਕੰਮਕਾਰ ਦੇ ਅਧਾਰ ਉਤੇ ਇਮੀਗਰੇਸ਼ਨ ਐਪਲੀਕੇਸ਼ਨ
* ਰਫਿਊਜੀ ਕੇਸ, ਇਮੀਗਰੇਸ਼ਨ ਅਪੀਲ ਤੇ ਹਰ ਕਿਸਲ ਦੇ ਇਮੀਗਰੇਸ਼ਨ ਕੇਸ।

#208-6628 (50th Ave.) FRASER STREET, VANCOUVER, B.C. V5X 3T5

PH: (604) 325-9200

PH: (604) 325-9200

WATAN
P.O. Box 67681 Stn.'O'
Vancouver, B.C. V5W 3V2

S. No. 17, Vol. 5
No. 1; Summer, 93
July/Aug./Sept. 1993



ਵਿਨੀਪੇਗ ਕਾਨਫਰੰਸ ਦੌਰਾਨ ਗਿਆਨੀ ਕੇਸਰ ਸਿੰਘ, ਗੁਰਚਰਨ ਰਾਮਪੁਰੀ ਤੇ ਡਾਕਟਰ ਸਾਧੂ ਸਿੰਘ

ਸਫਾ 43 ਦੀ ਬਾਕੀ

ਢਾਲਾ, ਸਟੀਵ ਉਲਮਾਸ ਅਤੇ ਨਿਸ਼ਾਨ ਸਿੰਘ ਵੜੈਚ ਤੇ ਰਾਜ ਜੰਮੂ ਹੁਰਾਂ ਭਾਗ ਲਿਆ।

ਇਸ ਕਾਨਫਰੰਸ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ:

1. ਉਤਰੀ ਅਮਰੀਕਨ ਪੰਜਾਬੀ ਸਾਹਿਤਕ ਕਾਨਫਰੰਸ ਦਾ 10, 11 ਜੁਲਾਈ 1993 ਦਾ ਇਹ ਸਮਾਗਮ ਮਹਿਸੂਸ ਕਰਦਾ ਹੈ ਕਿ ਵੱਖ ਵੱਖ ਦੇਸ਼ਾਂ ਵਿਚ ਕਈ ਸਰਕਾਰਾਂ ਅਤੇ ਕਈ ਮੂਲਵਾਦੀ ਸ਼ਕਤੀਆਂ ਵਲੋਂ ਲਿਖਾਰੀਆਂ ਦੇ ਲਿਖਣ ਦੀ ਆਜ਼ਾਦੀ ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਲਿਖਾਰੀਆਂ ਨੂੰ ਕਈ ਕਿਸਮ ਦੀਆਂ ਧਮਕੀਆਂ ਦੇ ਕੇ ਸੁਤੰਤਰ ਸੋਚ ਦੇ ਪ੍ਰਗਟਾਅ ਤੋਂ ਰੋਕਿਆ ਜਾ ਰਿਹਾ ਹੈ। ਇਹ ਸਮਾਗਮ ਲਿਖਾਰੀ ਦੀ ਲਿਖਣ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਤੇ ਜ਼ੋਰ ਦਿੰਦਾ ਹੈ ਜਿਹੜਾ ਕਿ ਉਸਦਾ ਬੁਨਿਆਦੀ ਅਧਿਕਾਰ ਹੈ।

2. ਉਤਰੀ ਅਮਰੀਕਨ ਪੰਜਾਬੀ ਸਾਹਿਤਕ ਕਾਨਫਰੰਸ ਵਿਨੀਪੇਗ ਦਾ ਇਹ ਸਮਾਗਮ ਸਮਝਦਾ ਹੈ ਕਿ ਕਈ ਐਲਾਨਾਂ ਦੇ ਬਾਵਜੂਦ ਪੰਜਾਬੀ ਜ਼ਬਾਨ ਪੰਜਾਬ ਵਿਚ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀ ਗਈ। ਇਹ ਸਮਾਗਮ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਪੰਜਾਬੀ ਬੋਲੀ ਨੂੰ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਉਤੇ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ।

3. ਉਤਰੀ ਅਮਰੀਕਨ ਪੰਜਾਬੀ ਸਾਹਿਤਕ ਕਾਨਫਰੰਸ ਵਿਨੀਪੇਗ ਦਾ ਇਹ ਸਮਾਗਮ ਮਹਿਸੂਸ ਕਰਦਾ ਹੈ ਕਿ ਹਰਿਆਣਾ, ਰਾਜਿਸਥਾਨ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਜੰਮੂ-ਕਸ਼ਮੀਰ ਵਿਚ ਪੰਜਾਬੀ ਜ਼ਬਾਨ ਨੂੰ ਮੁਨਾਸਿਬ ਥਾਂ ਪ੍ਰਾਪਤ ਨਹੀਂ। ਇਹ ਸਮਾਗਮ ਇਨ੍ਹਾਂ ਪ੍ਰਾਂਤਾਂ ਦੀਆਂ ਸਰਕਾਰਾਂ ਅਤੇ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਪੰਜਾਬੀ ਬੋਲਦੀ ਵੱਸੋਂ ਦੇ ਅਧਿਕਾਰਾਂ ਦਾ ਸਤਿਕਾਰ ਕਰਦੇ ਹੋਏ ਇਹਨਾਂ ਥਾਂਵਾਂ ਤੇ ਪੰਜਾਬੀ ਜ਼ਬਾਨ ਨੂੰ ਦੂਜੀ ਜ਼ਬਾਨ ਦਾ ਦਰਜਾ ਦਿੱਤਾ ਜਾਵੇ।

4. ਉਤਰੀ ਅਮਰੀਕਨ ਪੰਜਾਬੀ ਸਾਹਿਤਕ ਕਾਨਫਰੰਸ ਵਿਨੀਪੇਗ ਦਾ ਇਹ ਸਮਾਗਮ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰਾਂ ਸੁਜਾਨ ਸਿੰਘ, ਤਾਰਾ ਸਿੰਘ ਅਤੇ ਤਰਸੇਮ ਨੀਲਗਿਰੀ ਦੇ ਸਦੀਵੀ ਵਿਛੋੜਿਆਂ ਤੇ ਸ਼ੋਕ ਦਾ ਪ੍ਰਗਟਾਵਾ ਕਰਦਾ ਹੈ ਅਤੇ ਪੰਜਾਬੀ ਸਾਹਿਤ ਲਈ ਉਨ੍ਹਾਂ ਵਲੋਂ ਕੀਤੀ ਘਾਲਣਾ ਦਾ ਸਨਮਾਨ ਕਰਦਾ ਹੈ।

ਇਸ ਕਾਨਫਰੰਸ ਦਾ ਮੁੱਖ ਉਦੇਸ਼ ਸਿਰਫ ਸਾਹਿਤਕ ਸਰਗਰਮੀਆਂ ਵਿਚ ਵਾਧਾ ਕਰਨਾ ਹੀ ਨਹੀਂ ਸਗੋਂ ਸਹਿਤਕਾਰਾਂ ਅਤੇ ਪਾਠਕਾਂ ਨੂੰ ਇਕ ਸੰਜੀਦਾ ਸਾਹਿਤਕ ਤੇ ਸਭਿਆਚਾਰਕ ਸਹਿਚਾਰ ਵਿਚ ਜੋੜਨ ਦਾ ਉਪਰਾਲਾ ਵੀ ਸੀ ਜਿਸ ਵਿਚ ਕਾਨਫਰੰਸ ਦੀ ਬਹੁਤ ਵੱਡੀ ਪ੍ਰਾਪਤੀ ਰਹੀ। ਵਿਰੋਧੀ ਵਿਚਾਰਾਂ ਦੇ ਹੁੰਦਿਆਂ ਹੋਇਆਂ ਵੀ ਸਾਹਿਤਕ ਲਗਨ ਵਿਚ ਸਾਰੇ ਹਾਜ਼ਰੀਨ ਇਕ ਸੁਰ ਰਹੇ। ਇਸ ਮਾਹੌਲ ਨੇ ਭਵਿੱਖ ਵਿਚ ਕਰਵਾਈਆਂ ਜਾਣ ਵਾਲੀਆਂ ਉੱਚ-ਪੱਧਰੀ ਕਾਨਫਰੰਸਾਂ ਲਈ ਰਾਹ ਮੋਕਲਾ ਕੀਤਾ ਹੈ।

—ਅਮਰਜੀਤ

Watan (The Country) is a literary and cultural quarterly of Punjabi - the mother tongue of East Punjab (India) and West Punjab (Pakistan) - published by Watan Publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Commnuity. The contributors include well-known Punjabi writers throughout the world.

ਵਤਨ

ਤਿੰਨ ਡਾਲਰ